## ਜ਼ਰੂਰੀ ਸੂਚਨਾ

ਮਾਲਵਾ ਬਾਣੀ ਵਿੱਚ ਆਪਣੇ ਸ਼ਹਿਰ ਦੀ ਖਬਰ ਭੇਜਣ ਜਾਂ ਇਸ਼ਤਿਹਾਰ ਦੇਣ ਸਬੰਧੀ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ।

ਮੋ: 78890-72071, 96539-55551



Rni.PUNPUN/2022/85964

# ਮਾਲਵਾ ਬਾਣੀ

E.mail. malwabani2021@gmail.com

ਸਾਲ 4 ■ ਅੰਕ 102 ■ 09 ਜੁਲਾਈ 2025 ■ ਬੁੱਧਵਾਰ ■ ਸਫ਼ੇ 08 ■ ਮੁੱਲ 2 ਰੁਪਏ ■ ਸ੍ਰੀ ਮੁਕਤਸਰ ਸਾਹਿਬ



## ਪੱਤਰਕਾਰਾਂ ਦੀ ਲੋੜ ਹੈ

ਸ੍ਰੀ ਮੁਕਤਸਰ ਸਾਹਿਬ ਤੋਂ ਰੋਜ਼ਾਨਾ ਪ੍ਰਕਾਸ਼ਿਤ ਹੁੰਦੇ ਮਾਲਵਾ ਬਾਣੀ ਅਖਬਾਰ ਨੂੰ ਵੱਖ ਵੱਖ ਜਿਲ੍ਹਿਆਂ ਵਿੱਚੋਂ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਬਣਨ ਲਈ ਸੰਪਰਕ ਕਰਨ।

ਮੋ. 78890-72071


## ਕੱਪੜਾ ਵਪਾਰੀ ਸੰਜੇ ਵਰਮਾ ਦੇ ਕਤਲ ’ਚ ਸ਼ਾਮਲ 2 ਬਦਮਾਸ਼ਾਂ ਦੀ ਪੁਲਿਸ ਐਨਕਾਊਂਟਰ ’ਚ ਮੌਤ

**ਅਬੋਹਰ, 8 ਜੁਲਾਈ (ਗਗਨ ਵਾਟਸ)**- ਅਬੋਹਰ ਦੇ ਕੱਪੜਾ ਵਪਾਰੀ ਸੰਜੇ ਵਰਮਾ ਦੇ ਕਤਲ ਕੇਸ ਮਾਮਲੇ ਵਿਚ ਸ਼ਾਮਿਲ ਦੋ ਦੋਸ਼ੀਆਂ ਦਾ ਪੁਲਿਸ ਦੇ ਵੱਲੋਂ ਐਨਕਾਊਂਟਰ ਕਰ ਦਿੱਤਾ ਗਿਆ ਹੈ ਅਤੇ ਦੋਵਾਂ ਦੀ ਹੀ ਮੌਤ ਹੋ ਚੁੱਕੀ ਹੈ। ਡੀਆਈਜੀ ਫਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਉਹਨਾਂ ਦੀ ਟੀਮ ਵੱਲੋਂ ਅੱਜ ਰਾਮ ਰਤਨ ਪੁੱਤਰ ਰਮੇਸ਼ ਕੁਮਾਰ ਅਤੇ ਜਸਪ੍ਰੀਤ ਸਿੰਘ ਪੁੱਤਰ ਹਰਪ੍ਰੀਤ ਸਿੰਘ ਵਾਸੀ ਪਟਿਆਲਾ ਨੂੰ ਕਾਬੂ ਕੀਤਾ ਗਿਆ ਸੀ। ਜਿਵੇਂ ਹੀ ਪੁਲਿਸ ਉਹਨਾਂ ਨੂੰ ਹਥਿਆਰਾਂ ਦੀ ਰਿਕਵਰੀ ਲਈ ਲੈ ਕੇ ਗਈ, ਤਾਂ ਉੱਥੇ ਤਾਕ ਲਗਾ ਕੇ ਬੈਠੇ ਏਨਾਂ ਬਦਮਾਸ਼ਾਂ ਦੇ ਸਾਥੀਆਂ ਦੇ ਵੱਲੋਂ ਪੁਲਿਸ ਪਾਰਟੀ ਤੇ ਗੋਲੀਆਂ ਚਲਾ ਦਿੱਤੀਆਂ। ਏਸੇ ਦੌਰਾਨ ਪੁਲਿਸ ਦੇ ਵੱਲੋਂ ਵੀ ਜਵਾਬੀ ਫਾਇਰਿੰਗ ਉਕਤ ਬਦਮਾਸ਼ਾਂ ਉੱਤੇ ਕੀਤੀ ਗਈ। ਇਸ ਗੋਲੀਬਾਰੀ ਦੇ ਵਿੱਚ ਬਦਮਾਸ਼ ਰਾਮ ਰਤਨ ਅਤੇ ਜਸਪ੍ਰੀਤ ਢੇਰ ਹੋ ਗਏ। ਡੀਆਈਜੀ ਨੇ ਦੱਸਿਆ ਕਿ ਦੋਵਾਂ ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ ਡੀਆਈਜੀ ਨੇ ਸਪਸ਼ਟ ਕੀਤਾ ਕਿ ਇਹ ਦੋਵੇਂ ਬਦਮਾਸ਼ ਕਾਰ ਵਿੱਚ ਸਵਾਰ ਸਨ, ਜਦੋਂ ਕਿ ਤਿੰਨ ਸ਼ੂਟਰ ਜਿਨਾਂ ਦੇ ਵੱਲੋਂ ਸੰਜੇ ਵਰਮਾ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ, ਉਨਾਂ ਦੀ ਗ੍ਰਿਫਤਾਰੀ ਹਾਲੇ ਬਾਕੀ ਹੈ। ਪੁਲਿਸ ਦੇ ਮੁਤਾਬਿਕ ਇਸ ਕਤਲ ਕਾਂਡ ਵਿੱਚ ਕੁੱਲ ਪੰਜ ਮੁਲਜ਼ਮ ਸ਼ਾਮਿਲ ਸਨ, ਜਿਨਾਂ ਵਿੱਚੋਂ ਦੋ ਨੂੰ ਅੱਜ ਗਿਰਫਤਾਰ ਕੀਤਾ ਗਿਆ ਸੀ ਅਤੇ ਰਿਕਵਰੀ ਲਈ ਜਦੋਂ ਪੁਲਿਸ ਦੇ ਵੱਲੋਂ ਲਜਾਇਆ ਗਿਆ ਤਾਂ, ਉਹਨਾਂ ਨੇ ਪੁਲਿਸ ਪਾਰਟੀ ਉੱਤੇ ਹਮਲਾ ਕਰ ਦਿੱਤਾ ਅਤੇ ਜਵਾਬੀ ਕਾਰਵਾਈ ਵਿੱਚ ਉਕਤ ਦੋਵੇਂ ਬਦਮਾਸ਼ ਮਾਰੇ ਗਏ।

ਡੀਆਈਜੀ ਨੇ ਸਪਸ਼ਟ ਕੀਤਾ ਕਿ ਜਿਨਾਂ ਬਦਮਾਸ਼ਾਂ ਨੇ ਸੰਜੇ ਵਰਮਾ ਤੇ ਗੋਲੀਆਂ ਚਲਾਈਆਂ ਗਈਆਂ ਸੀ, ਉਹਨਾਂ ਦੀ ਗ੍ਰਿਫਤਾਰੀ ਛੇਤੀ ਕਰ ਲਈ ਜਾਵੇਗੀ। ਡੀਆਈਜੀ ਮੁਤਾਬਕ, ਐਨਕਾਊਂਟਰ ਵਿੱਚ ਮਾਰੇ ਗਏ ਬਦਮਾਸ਼ਾਂ ਦੀ ਪਛਾਣ ਰਾਮ ਰਤਨ ਅਤੇ ਜਸਪ੍ਰੀਤ ਵਜੋਂ ਹੋਈ ਹੈ।

## ਪੰਜਾਬ ਪੁਲਿਸ ਨੇ ਪੰਜਾਬ ਅਤੇ ਮੱਧ ਪ੍ਰਦੇਸ਼ ਵਿੱਚ ਮਿੱਥ ਕੇ ਹੱਤਿਆ ਕਰਨ ਦੀ ਸਾਜ਼ਿਸ਼ ਨੂੰ ਕੀਤਾ ਨਾਕਾਮ ; ਜਲੰਧਰ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਦਾ ਕਾਰਕੁੰਨ ਕਾਬੂ

### ਦੁਬਈ ਅਧਾਰਿਤ ਨਮਿਤ ਸ਼ਰਮਾ ਵੱਲੋਂ ਚਲਾਇਆ ਜਾ ਰਿਹਾ ਸੀ ਮਾਡਿਊਲ : ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ/ਜਲੰਧਰ, 8 ਜੁਲਾਈ (ਮਾਲਵਾ ਬਾਣੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ’ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਪੰਜਾਬ ਪੁਲਿਸ ਦੇ ਕਾਊਂਟਰ ਇੰਟੇਲੀਜੈਂਸ (ਸੀਆਈ) ਜਲੰਧਰ ਦੀ ਟੀਮ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਮੁੱਖ ਆਪਰੇਟਿਵ ਨੂੰ ਦੋ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ ਗਿਰੋਹ ਵੱਲੋਂ ਪੰਜਾਬ ਅਤੇ ਮੱਧ ਪ੍ਰਦੇਸ਼ ਵਿੱਚ ਮਿੱਥ ਕੇ ਹੱਤਿਆ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਕਪੂਰਥਲਾ ਦੇ ਫਗਵਾੜਾ ਵਿੱਚ ਰਹਿਣ ਵਾਲੇ ਹਿਮਾਂਸ਼ੂ ਸੂਦ ਵਜੋਂ ਹੋਈ ਹੈ। ਪੰਜਾਬ ਪੁਲਿਸ ਨੇ ਮੁਲਜ਼ਮ ਦੇ ਕਬਜ਼ੇ ਚੋਂ ਇੱਕ .30 ਬੋਰ ਦਾ ਚੀਨੀ ਪੀਐਕਸ3 ਪਿਸਤੌਲ, ਇੱਕ .32 ਬੋਰ ਦਾ ਪਿਸਤੌਲ ਅਤੇ ਦੋ ਮੈਗਜ਼ੀਨਾਂ ਸਮੇਤ ਸੱਤ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਹਿਮਾਂਸ਼ੂ ਆਪਣੇ ਗੈਂਗ ਮੈਂਬਰਾਂ ਨਾਲ ਮਿਲ ਕੇ ਆਪਣੇ ਦੁਬਈ ਸਥਿਤ ਹੈਂਡਲਰ ਨਮਿਤ ਸ਼ਰਮਾ ਦੇ ਨਿਰਦੇਸ਼ਾਂ ਹੇਠ ਇੱਕ ਅੰਤਰ-ਰਾਜੀ ਗੈਂਗ ਚਲਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਨਮਿਤ ਸ਼ਰਮਾ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਹੈ।

ਉਨ੍ਹਾਂ ਅੱਗੇ ਕਿਹਾ, “ਜੂਨ 2025 ਵਿੱਚ, ਮੁਲਜ਼ਮ ਹਿਮਾਂਸ਼ੂ ਸੂਦ ਨੇ ਹੋਰ ਗੈਂਗ ਮੈਂਬਰਾਂ ਨਾਲ ਮਿਲ ਕੇ ਆਪਣੇ ਹੈਂਡਲਰ ਨਮਿਤ ਸ਼ਰਮਾ ਦੇ ਨਿਰਦੇਸ਼ਾਂ ’ਤੇ ਹਰਿਦੁਆਰ ਵਿੱਚ ਇੱਕ ਹੋਟਲ ਮਾਲਕ ਅਰੁਣ ’ਤੇ ਗੋਲੀਆਂ ਚਲਾਈਆਂ ਸਨ”। ਡੀਜੀਪੀ ਨੇ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਹਿਮਾਂਸ਼ੂ ਨੂੰ ਉਸਦੇ ਹੈਂਡਲਰ ਨੇ ਕ੍ਰਮਵਾਰ ਮੱਧ ਪ੍ਰਦੇਸ਼, ਲੁਧਿਆਣਾ ਅਤੇ ਕਪੂਰਥਲਾ ਸਮੇਤ ਤਿੰਨ ਟਾਰਗੇਟਸ ਨੂੰ ਖਤਮ ਕਰਨ ਦਾ ਕੰਮ ਸੌਂਪਿਆ ਸੀ। ਸੀ.ਆਈ. ਜਲੰਧਰ ਦੀ ਟੀਮ ਨੇ ਜਨਤਕ ਸੁਰੱਖਿਆ ਲਈ ਇੱਕ ਵੱਡੇ ਖ਼ਤਰੇ ਨੂੰ ਟਾਲਦੇ ਹੋਏ ਇਸ ਟਾਰਗੇਟ ਕਿਲਿੰਗ ਮਾਡਿਊਲ ਨੂੰ ਸਫਲਤਾਪੂਰਵਕ ਖਤਮ ਕਰ ਦਿੱਤਾ।




ਸਹਾਇਕ ਇੰਸਪੈਕਟਰ ਜਨਰਲ (ਏਆਈਜੀ) ਸੀਆਈ ਜਲੰਧਰ ਨਵਜੋਤ ਸਿੰਘ ਮਾਹਲ ਨੇ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਕਿਹਾ ਕਿ ਪੁਲਿਸ ਟੀਮਾਂ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਸ਼ੱਕੀ ਹਿਮਾਂਸ਼ੂ ਬਾਰੇ ਪੁਖ਼ਤਾ ਜਾਣਕਾਰੀ ਮਿਲੀ ਸੀ ਕਿ ਉਹ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਿਹਾ ਹੈ। ਏ.ਆਈ.ਜੀ. ਨੇ ਕਿਹਾ ਕਿ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਇੱਕ ਖੁਫੀਆ ਕਾਰਵਾਈ ਕੀਤੀ ਗਈ, ਜਿਸਦੇ ਨਤੀਜੇ ਵਜੋਂ ਹਿਮਾਂਸ਼ੂ ਸੂਦ ਨੂੰ ਦਕੋਹਾ ਰੇਲਵੇ ਕਰਾਸਿੰਗ, ਜਲੰਧਰ ਦੇ ਨੇੜੇ ਹਥਿਆਰਾਂ ਸਮੇਤ ਉਦੋਂ ਗ੍ਰਿਫਤਾਰ ਕੀਤਾ ਜਦੋਂ ਉਕਤ ਆਪਣੇ ਸਾਥੀ ਦੀ ਉਡੀਕ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਬੀਐਨਐਸ ਦੀ ਧਾਰਾ 49, 55 ਅਤੇ 61(2), ਅਸਲਾ ਐਕਟ ਦੀ ਧਾਰਾ 25 ਅਤੇ 25 (1ਬੀ) (ਏ) ਦੇ ਤਹਿਤ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਐਫਆਈਆਰ ਨੰਬਰ 37 ਮਿਤੀ 07.07.2025 ਨੂੰ ਕੇਸ ਦਰਜ ਕੀਤਾ ਗਿਆ ਹੈ।

## ਫਰੀਦਕੋਟ ਜ਼ਿਲ੍ਹੇ ਵਿੱਚ ਲਗਾਤਾਰ ਦੂਜੇ ਦਿਨ ਵਾਪਰੀ ਕਤਲ ਦੀ ਵਾਰਦਾਤ, ਭੇਡਾਂ ਦੇ ਵਾੜੇ ’ਚੋਂ ਮਿਲੀ ਵਾੜੇ ਦੇ ਮਾਲਕ ਇੰਦਰਜੀਤ ਸਿੰਘ ਦੀ ਲਾਸ਼

### ਇਕ ਦਿਨ ਪਹਿਲਾਂ ਖੇਤ ’ਚ ਪਾਣੀ ਲਾਉਣ ਗਏ ਕਿਸਾਨ ਦੀ ਕਰ ਦਿੱਤੀ ਗਈ ਸੀ ਹੱਤਿਆ

**ਕੋਟਕਪੂਰਾ, 8 ਜੁਲਾਈ (ਟਿੰਕੂ ਕੁਮਾਰ) :-** ਫਰੀਦਕੋਟ ਜ਼ਿਲ੍ਹੇ ਵਿੱਚ ਅੱਜ ਲਗਾਤਾਰ ਦੂਜੇ ਦਿਨ ਕਤਲ ਦੀ ਵਾਰਦਾਤ ਹੋਈ ਹੈ। ਪਿੰਡ ਕੰਮੇਆਣਾ ਵਿਖੇ ਇੱਕ ਵਿਅਕਤੀ ਦੇ ਸਿਰ ਵਿੱਚ ਸੱਟ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਇੰਦਰਜੀਤ ਸਿੰਘ ਇੰਦਰੂ (50 ਸਾਲ) ਵਜੋਂ ਹੋਈ ਹੈ। ਥਾਣਾ ਸਦਰ ਪੁਲੀਸ ਨੇ ਕੇਸ ਦਰਜ ਕਰ ਕੇ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਐਸਪੀ ਸੰਦੀਪ ਵਡੇਰਾ ਅਨੁਸਾਰ ਪੁਲੀਸ ਨੂੰ ਇਸ ਕਤਲ ਬਾਰੇ ਸੂਚਨਾ ਮਿਲੀ ਤਾਂ ਮੌਕੇ ’ਤੇ ਥਾਣਾ ਸਦਰ ਦੇ ਐਸਐਚਓ ਇੰਸਪੈਕਟਰ ਰਜੇਸ਼ ਕੁਮਾਰ ਆਪਣੀ ਟੀਮ ਨਾਲ ਪਹੁੰਚੇ ਅਤੇ ਘਟਨਾ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀਆਂ ਦੋ ਸ਼ਾਦੀਆਂ ਹੋਈਆਂ ਸਨ ਪਰ ਪਿੰਡ ਵਿੱਚ ਉਹ ਇਕੱਲਾ ਹੀ ਰਹਿੰਦਾ ਸੀ ਅਤੇ ਇੱਥੇ ਉਸ ਕੋਲ ਭੇਡਾਂ ਰੱਖੀਆਂ ਹੋਈਆਂ ਸਨ। ਉਨ੍ਹਾਂ ਦੱਸਿਆ ਕਿ ਇਸੇ ਭੇਡਾਂ ਵਾਲੇ ਵਾੜੇ ਵਿੱਚ ਹੀ ਉਹ ਰਾਤ ਨੂੰ ਸੁੱਤਾ ਸੀ ਤੇ ਸਵੇਰੇ ਗਵਾਂਢੀਆਂ ਨੂੰ ਪਤਾ ਲੱਗਣ ’ਤੇ ਉਨ੍ਹਾਂ ਪੁਲੀਸ ਨੂੰ ਇਸ ਕਤਲ ਬਾਰੇ ਸੂਚਨਾ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲੀਸ ਨੂੰ ਮੌਕੇ ਤੋਂ ਸ਼ਰਾਬ ਦੀ ਇੱਕ ਖਾਲੀ ਬੋਤਲ ਵੀ ਮਿਲੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਬੀਤੀ ਰਾਤ ਉਸਦੇ ਨਾਲ ਕੁਝ ਹੋਰ ਵਿਅਕਤੀ ਵੀ ਸਨ, ਜਿਨ੍ਹਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਪਤਨੀ ਮਨਪ੍ਰੀਤ ਕੌਰ ਦੇ ਬਿਆਨਾਂ ਦੇ ਅਧਾਰ ’ਤੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



ਜ਼ਿਕਰਯੋਗ ਹੈ ਕਿ ਬੀਤੇ ਦਿਨ ਜ਼ਿਲ੍ਹੇ ਦੇ ਪਿੰਡ ਸੰਧਵਾਂ ਵਿੱਚ ਵੀ ਇੱਕ ਕਿਸਾਨ ਦਾ ਪਾਣੀ ਲਾਉਣ ਗਏ ਦਾ ਕਤਲ ਹੋ ਗਿਆ ਸੀ ਅਤੇ ਇਸ ਮਾਮਲੇ ਵਿੱਚ ਪੁਲੀਸ ਨੇ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਇਸ ਦੌਰਾਨ ਅੱਜ ਲਗਾਤਾਰ ਦੂਜੇ ਦਿਨ ਇਹ ਕੰਮੇਆਣਾ ਵਿਚ ਕਤਲ ਦੀ ਵਾਰਦਾਤ ਸਾਹਮਣੇ ਆਈ ਹੈ।

## ਤਪਾ ਪੁਲਿਸ ਵੱਲੋਂ ਨਸ਼ੇ ਦਾ ਸੇਵਨ ਕਰਦਾ 1 ਕਾਬੂ

**ਤਪਾ ਮੰਡੀ, 8 ਜੁਲਾਈ (ਅਰੁਣ ਗੋਇਲ)** ਤਪ ਪੁਲਿਸ ਨੇ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਨਸ਼ੇ ਦਾ ਸੇਵਨ ਕਰਦੇ ਇੱਕ ਵਿਅਕਤੀ ਨੂੰ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸ਼ਰੀਫ ਖਾਨ ਨੇ ਦੱਸਿਆ ਕਿ ਪੁਲਿਸ ਪਾਸ ਮੁਖਬਰ ਖਾਸ ਨੇ ਗੁਪਤ ਸੂਚਨਾ ਦਿੱਤੀ ਕਿ ਦੋਸ਼ੀ ਜਸਵਿੰਦਰ ਸਿੰਘ ਤਪਾ ਨਸ਼ੇ ਦਾ ਸੇਵਨ ਕਰਨ ਦਾ ਆਦੀ ਹੈ, ਜੋ ਅੱਜ ਵੀ ਤਪਾ ਆਲਿਕੇ ਰੋਡ ਪਰ ਨਸਾ ਕਰ ਕਰ ਰਿਹਾ ਹੈ, ਅਗਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਦੋਸ਼ੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪੁਲਿਸ ਨੇ ਤੁਰੰਤ ਹਰਕਤ ’ਚ ਆਉਂਦਿਆਂ ਰੇਡ ਕਰਕੇ ਦੋਸ਼ੀ ਨੂੰ ਰੰਗੇ ਹੱਥੀ ਕਾਬੂ ਕੀਤਾ,ਜਿਸਦੇ ਕਬਜਾ ਵਿਚੋ ਇੱਕ ਪੰਨੀ, ਇਕ ਲਾਈਟਰ ਅਤੇ ਇੱਕ ਦਸ ਰੁਪਏ ਦਾ ਭਾਰਤੀ ਕਰੰਸੀ ਨੋਟ ਜੋ ਥੋੜਾ ਮੱਚਿਆ ਹੋਇਆ ਬਰਾਮਦ ਕਰਕੇ ਉਸਦੇ ਖਿਲਾਫ ਮੁਕੱਦਮਾ ਦਰਜ ਕੀਤਾ।

## ਸ੍ਰੀ ਚਮਕੌਰ ਸਾਹਿਬ ਪੁਲਿਸ ਨੇ ਦਰਖਤ ਤੇ ਲਮਕਦੀ ਟਰੱਕ ਚਾਲਕ ਦੀ ਲਾਸ਼ ਕੀਤੀ ਬਰਾਮਦ

**ਸ੍ਰੀ ਚਮਕੌਰ ਸਾਹਿਬ ਮੋਰਿੰਡਾ 8 ਜੁਲਾਈ (ਅਮਰਜੀਤ ਸਿੰਘ)** ਸ੍ਰੀ ਚਮਕੌਰ ਸਾਹਿਬ ਪੁਲਿਸ ਨੇ ਰੋਪੜ ਲੁਧਿਆਣਾ ਸੜਕ ਤੇ ਪੈਂਦੇ ਲੱਕੀ ਦੇ ਢਾਬੇ ਕੋਲੋ ਹਿਮਾਚਲ ਪ੍ਰਦੇਸ਼ ਦੇ ਟਰੱਕ ਚਾਲਕ ਦੀ ਸਰਹੰਦ ਨਹਿਰ ਦੇ ਕਿਨਾਰੇ ਖੜੇ ਇਕ ਦਰਖਤ ਤੇ ਲਟਕਦੀ ਲਾਸ਼ ਬਰਾਮਦ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਇੰਸਪੈਕਟਰ ਗੁਰਪ੍ਰੀਤ ਸਿੰਘ ਐਸਐਚਓ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ,ਕਿ ਸ੍ਰੀ ਚਮਕੌਰ ਸਾਹਿਬ ਤੋ ਨੀਲੋ ਜਾਣ ਵਾਲੀ ਸੜਕ ਤੇ ਨਹਿਰ ਪੁਲ ਨੇੜੇ ਸਥਿਤ ਲੱਕੀ ਦੇ ਢਾਬੇ ਕੋਲ ਹਿਮਾਚਲ ਪ੍ਰਦੇਸ਼ ਦੇ ਟਰੱਕ ਨੰਬਰ ਐਚਪੀ 12 ਈ 7676 ਦੇ ਤਹਿਤ ਚਾਲਕ ਵੱਲੋ ਦਰਖਤ ਨਾਲ ਲਮਕ ਕੇ ਖੁਦਕਸ਼ੀ ਕਰ ਲਈ ਹੈ।ਜਿਸ ਉਪਰੰਤ ਪੁਲਿਸ ਅਧਿਕਾਰੀਆਂ ਨੇ ਘਟਨਾਸਥਾਨ ਤੇ ਪਹੁੰਚ ਕੇ ਪਹਿਲਾਂ ਦਰਖਤ ਉੱਪਰ ਲਮਕ ਰਹੀ ਲਾਸ਼ ਨੂੰ ਦਰਖਤ ਤੋ ਉਤਾਰਿਆ ਗਿਆ ਅਤੇ ਰੋਪੜ ਤੋਂ ਫਰਾਂਸਿਕ ਵਿਭਾਗ ਦੇ ਅਧਿਕਾਰੀਆਂ ਨੂੰ ਮੌਕੇ ਬੁਲਾ ਕੇ ਮ੍ਰਿਤਕ ਚਾਲਕ ਦੀ ਲਾਸ਼ ਦੀ ਅਤੇ ਘਟਨਾਸਥਾਨ ਦੀ ਬਰੀਕੀ ਨਾਲ ਜਾਂਚ ਕਰਵਾਈ ਗਈ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਟਰੱਕ ਚਾਲਕ ਨੂੰ ਕਿਸੇ ਨੇ ਕਤਲ ਕਰਕੇ ਦਰਖਤ ਨਾਲ ਲਮਕਾ ਕੇ ਕਤਲ ਨੂੰ ਖੁਦਕਸ਼ੀ ਦਰਸਾਉਣ ਦੀ ਕੋਸ਼ਿਸ਼ ਤਾਂ ਨਹੀ ਕੀਤੀ ,ਦੂਜਾ ਇਨਾ ਅਧਿਕਾਰੀਆਂ ਵੱਲੋ ਮ੍ਰਿਤਕ ਸਰੀਰ ਦੀ ਬਰੀਕੀ ਨਾਲ ਜਾਂਚ ਕੀਤੀ ਗਈ ਕਿ ਇਸ ਉਪਰ ਕਿਸੇ ਸੱਟ ਜਾਂ ਕਿਸੇ ਹਥਿਆਰ ਨਾਲ ਕਤਲ ਕਰਨ ਦੇ ਕੋਈ ਨਿਸ਼ਾਨ ਤਾਂ ਹਨ। ਉਨਾ ਦੱਸਿਆ ਕਿ ਫਰਾਂਸਿਕ ਵਿਭਾਗ ਦੇ ਅਧਿਕਾਰੀਆਂ ਨੂੰ ਲਾਸ਼ ਉਪਰ ਅਜਿਹੀ ਕੋਈ ਸੱਟ ਜਾਂ ਨਿਸ਼ਾਨ ਨਹੀ ਮਿਲੇ , ਜਿਸ ਤੋਂ ਇਹ ਸਪਸ਼ਟ ਹੋਇਆ ਕਿ ਟਰੱਕ ਚਾਲਕ ਵੱਲੋਂ ਖੁਦਕਸ਼ੀ ਕੀਤੀ ਗਈ ਹੈ ਉਹਨਾਂ ਦੱਸਿਆ ਕਿ ਖੁਦਕੁਸ਼ੀ ਕਰਨ ਤੋਂ ਪਹਿਲਾਂ ਟਰੱਕ ਚਾਲਕ ਵੱਲੋਂ ਲੋਡ ਕੀਤੇ ਹੋਏ ਟਰੱਕ ਨੂੰ ਬਕਾਇਦਾ ਸਾਈਡ ਤੇ ਲਗਾਇਆ ਗਿਆ ਸੀ ਤਾਂ ਜੋ ਟਰੈਫਿਕ ਵਿੱਚ ਕੋਈ ਵਿਘਨ ਨਾ ਪਵੇ। ਉਨਾ ਦੱਸਿਆ ਕਿ ਟਰੱਕ ਚਾਲਕ, ਟਰੱਕ ਵਿੱਚ ਲੋਡ ਕੀਤੇ ਗਿਆ ਸਮਾਨ ਨਾਲਾਗੜ੍ਹ ਤੋ ਲੁਧਿਆਣਾ ਛੱਡਣ ਜਾ ਰਿਹਾ ਸੀ ਕਿ ਰਸਤੇ ਵਿੱਚ ਉਹ ਖੁਦਕਸ਼ੀ ਕਰ ਗਿਆ। ਉਹਨਾਂ ਨੇ ਦੱਸਿਆ ਕਿ ਸ੍ਰੀ ਚਮਕੌਰ ਸਾਹਿਬ ਪੁਲਿਸ ਵੱਲੋਂ ਟਰੱਕ ਅਤੇ ਟਰੱਕ ਚਾਲਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਟਰੱਕ ਮਾਲਕਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ ਤੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਸਿਵਲ ਹਸਪਤਾਲ ਰੋਪੜ ਵਿਖੇ ਭੇਜਿਆ ਗਿਆ ਜਿੱਥੇ ਮਿਰਤਕ ਟਰੱਕ ਚਾਲਕ ਦੀ ਪਹਿਚਾਣ ਸੋਡੀ ਸਿੰਘ ਪੁੱਤਰ ਤਾਰਾ ਚੰਦ, ਪਿੰਡ ਰਿਆ ਢੋਡਾ, ਥਾਣਾ ਜੋਗੋ ,ਜਿਲਾ ਸੋਲਨ ,ਹਿਮਾਚਲ ਪ੍ਰਦੇਸ਼ ਵਜੋਂ ਉਸਦੀ ਪੁੱਤਰੀ ਮਨਪ੍ਰੀਤ ਕੌਰ ਵੱਲੋਂ ਕੀਤੀ ਗਈ ਹੈ। ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸ੍ਰੀ ਚਮਕੌਰ ਸਾਹਿਬ ਪੁਲਿਸ ਵੱਲੋਂ ਮਨਪ੍ਰੀਤ ਕੌਰ ਦੇ ਬਿਆਨ ਦੇ ਆਧਾਰ ਤੇ ਕਾਰਵਾਈ ਕਰਦਿਆਂ ਮਾਮਲਾ ਦਰਜ ਕਰਕੇ ਪੋਸਟਮਾਰਟਮ ਕਰਵਾਇਆ ਗਿਆ ਉਥੇ ਹੀ ਅਗਲੇਰੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਹੈ।



## ਲੜਕੀ ਨਾਲ ਛੇੜਛਾੜ ਕਰਨ ਅਤੇ ਉਸਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ’ਚ ਤਿੰਨ ਗ੍ਰਿਫਤਾਰ

### *ਤਿੰਨ ਨਾਮਜਦ ਅਤੇ ਇਕ ਅਣਪਛਾਤੇ ਵਿਰੁੱਧ ਮਾਮਲਾ ਦਰਜ*

**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਰਵੀਨਾ ਅਰੋੜਾ)**- ਲੜਕੀ ਨਾਲ ਛੇੜਛਾੜ ਕਰਨ ਅਤੇ ਉਸਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿਚ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਿਸ ਨੇ ਤਿੰਨ ਨਾਮਜਦ ਅਤੇ ਇਕ ਅਣਪਛਾਤੇ ਨੌਜਵਾਨ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਵਿਚ ਨਾਮਜਦ ਤਿੰਨ ਦੋਸ਼ੀਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ। ਇਸ ਸੰਬੰਧੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਕੋਮਲਪ੍ਰੀਤ ਕੌਰ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਜੀ ਐਨਐਮ ਨਰਸਿੰਗ ਦਾ ਕੋਰਸ ਕਰਦੀ ਹੈ ਅਤੇ ਇਸਦੇ ਸੰਬੰਧ ਵਿਚ ਉਸਦੀ ਟਰੇਨਿੰਗ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲੱਗੀ ਹੈ। ਬੀਤੀ 7 ਜੁਲਾਈ ਨੂੰ ਸ਼ਾਮ ਕਰੀਬ 6 ਵਜੇ ਉਹ ਡਿਊਟੀ ਖ਼ਤਮ ਹੋਣ ਤੇ ਹਸਪਤਾਲ ਤੋਂ ਘਰ ਜਾਣ ਲਈ ਬਾਹਰ ਆ ਰਹੀ ਸੀ ਤਾਂ ਹਸਪਤਾਲ ਦੀ ਪਾਰਕਿੰਗ ਵਿਚ ਇਕ ਇਨੋਵਾ ਕਾਰ ਨੰਬਰ ਪੀਬੀ 60 ਸੀ 0979 ਖੜੀ ਸੀ, ਜਿਸ ਵਿਚ ਤਿੰਨ ਚਾਰ ਨੌਜਵਾਨ ਬੈਠ ਕੇ ਸ਼ਰਾਬ ਪੀ ਰਹੇ ਸੀ ਅਤੇ ਉਸ ਵੱਲ ਗਲਤ ਨਜਰ ਨਾਲ ਵੇਖ ਰਹੇ ਸੀ, ਜਿਸਤੇ ਉਸਨੂੰ ਉਹਨਾਂ ਪਾਸੋਂ ਖਤਰਾ ਮਹਿਸੂਸ ਹੋਇਆ ਤਾਂ ਉਸਨੇ ਆਪਣੀ ਮੈਡਮ ਇੰਚਾਰਜ਼ ਸ਼ਿਖਾ ਗਰੋਵਰ ਨੂੰ ਦੱਸਿਆ ਅਤੇ ਕਿਹਾ ਕਿ ਉਸਨੂੰ ਘਰ ਛੱਡਿਆ ਜਾਵੇ ਤਾਂ ਮੈਡਮ ਨੇ ਮੈਨੂੰ ਆਪਣੀ ਸਕੂਟਰੀ ਤੇ ਬਿਠਾ ਲਿਆ ਅਤੇ ਜਦ ਮੈਡਮ ਨੇ ਸਕੂਟਰੀ ਚਲਾਈ ਤਾਂ ਉਕਤ ਨੌਜਵਾਨਾਂ ਨੇ ਵੀ ਆਪਣੀ ਗੱਡੀ ਸਕੂਟਰੀ ਪਿੱਛੇ ਲਗਾ ਲਈ ਜਿਸਤੇ ਮੈਡਮ ਨੇ ਸਕੂਟਰੀ ਤੇਜ ਕਰ ਲਈ ਤੇ ਮੈਨੂੰ ਸਾਡੇ ਘਰ ਨੂੰ ਜਾਂਦੀ ਗਲੀ ਦੇ ਅੱਗੇ ਮੇਨ ਸੜਕ ਤੇ ਉਤਾਰ ਦਿੱਤਾ ਤੇ ਮੈਡਮ ਚਲੀ ਗਈ। ਜਿਸਤੋਂ ਬਾਅਦ ਉਹ ਭੱਜ ਕੇ ਆਪਣੇ ਘਰ ਦੇ ਅੱਗੇ ਆ ਗਈ ਤੇ ਰੌਲਾ ਪਾਇਆ ਤਾਂ ਉਸਦੀ ਮਾਤਾ ਘਰ ਦੇ ਗੇਟ ਤੇ ਆ ਗਈ ਅਤੇ ਸਾਡੀ ਗਲੀ ਦੇ ਗੁਆਂਢੀ ਵੀ ਗਲੀ ਵਿਚ ਆ ਗਏ ਜਿਸਤੋਂ ਬਾਅਦ ਮੇਰੀ ਮਾਤਾ ਨੇ ਮੈਨੂੰ ਅੰਦਰ ਖਿੱਚ ਕੇ ਗੇਟ ਬੰਦ ਕਰ ਲਿਆ ਅਤੇ ਉਕਤ ਨੌਜਵਾਨਾਂ ਨੇ ਗੱਡੀ ਵਿਚੋਂ ਉਤਰ ਕੇ ਸਾਡੇ ਘਰ ਦੇ ਗੇਟ ਨੂੰ ਜੋਰ ਜੋਰ ਨਾਲ ਭੰਨਿਆ ਅਤੇ ਬੋਲੇ ਕੇ ਅੱਜ ਤੂੰ ਬੱਚ ਗਈ ਹੈ ਅਸੀਂ ਤੈਨੂੰ ਚੁੱਕ ਕੇ ਗੱਡੀ ਵਿਚ ਸੁੱਟ ਕੇ ਲੈ ਜਾਣਾ ਸੀ ਜਿਸਤੋਂ ਬਾਅਦ ਹੋਰ ਲੋਕ ਇਕੱਠੇ ਹੋ ਗਏ ਤਾਂ ਉਕਤ ਨੌਜਵਾਨ ਆਪਣੀ ਕਾਰ ਨੂੰ ਭਜਾ ਕੇ ਲੈ ਗਏ। ਮੇਰੇ ਪਰਿਵਾਰ ਵਲੋਂ ਗੱਡੀ ਦੇ ਨੰਬਰ ਅਤੇ ਹੋਰ ਪੜਤਾਲ ਕਰਨ ਤੇ ਪਤਾ ਲੱਗਾ ਕਿ ਇਨੋਵਾ ਕਾਰ ਸੁਰਜੀਤ ਸਿੰਘ ਵਾਸੀ ਸੂਰੇਵਾਲਾ ਦੇ ਨਾਮ ਤੇ ਹੈ ਅਤੇ ਇਸ ਵਿਚ ਜਸ਼ਨਦੀਪ ਸਿੰਘ ਵਾਸੀ ਪਿੰਡ ਬੁਰਜ ਮਾਨਸਾ ਨੇੜੇ ਮੌੜ ਮੰਡੀ, ਗੁਰਦਰਸ਼ਨ ਸਿੰਘ ਉਰਫ਼ ਲਾਡੀ ਵਾਸੀ ਪਿੰਡ ਮੌੜ ਨੇੜੇ ਖਾਰਾ ਅਤੇ ਅਕਾਸ਼ਦੀਪ ਸਿੰਘ ਉਰਫ਼ ਅਭੀ ਵਾਸੀ ਪਿੰਡ ਸੂਰੇਵਾਲਾ ਅਤੇ ਇਕ ਹੋਰ ਅਣਜਾਣ ਨੌਜਵਾਨ ਗੱਡੀ ਵਿਚ ਬੈਠ ਕੇ ਸ਼ਰਾਬ ਸਰਕਾਰੀ ਹਸਪਤਾਲ ਦੀ ਪਾਰਕਿੰਗ ਵਿਚ ਪੀ ਰਹੇ ਸਨ ਅਤੇ ਪੜਤਾਲ ਦੌਰਾਨ ਪਤਾ ਲੱਗਾ ਕਿ ਇਹਨਾਂ ਦਾ ਕੋਈ ਬਜੁਰਗ ਰਿਸ਼ਤੇਦਾਰ ਪਿੰਡ ਵਾੜਾ ਕਿਸ਼ਨਪੁਰਾ ਤੋਂ ਸਰਕਾਰੀ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਇਲਾਜ ਲਈ ਦਾਖਲ ਸੀ, ਜਿਸਦੀ ਦੇਖਭਾਲ ਲਈ ਉਕਤ ਨੌਜਵਾਨ ਆਏ ਸਨ। ਇਹਨਾਂ ਨੌਜਵਾਨਾਂ ਨੇ ਮੇਰੇ ਨਾਲ ਛੇੜਖਾਨੀ ਕੀਤੀ ਅਤੇ ਮੇਰੇ ਮਗਰ ਆਪਣੀ ਇਨੋਵਾ ਕਾਰ ਲਗਾ ਕੇ ਮੈਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਬੰਧੀ ਡੀਐਸਪੀ ਨਵੀਨ ਕੁਮਾਰ ਨੇ ਦੱਸਿਆ ਕਿ ਇਸ ਸੰਬੰਧੀ ਜਸ਼ਨਦੀਪ ਸਿੰਘ, ਗੁਰਦਰਸ਼ਨ ਸਿੰਘ ਉਰਫ ਲਾਡੀ , ਅਕਾਸ਼ਦੀਪ ਸਿੰਘ ਉਰਫ਼ ਅਭੀ ਅਤੇ ਇਕ ਅਣਪਛਾਤੇ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਉਹਨਾਂ ਦੱਸਿਆ ਕਿ ਨਾਮਜਦ ਤਿੰਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਕਾਰ ਨਹਿਰ ’ਚ ਡਿੱਗਣ ਕਾਰਨ ਚਾਲਕ ਦੀ ਮੌਤ

**ਮਹਿਲ ਕਲਾਂ 8 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**- ਲੁਧਿਆਣਾ-ਬਠਿੰਡਾ ਰਾਜਮਾਰਗ ’ਤੇ ਸਥਿਤ ਬਠਿੰਡਾ ਬ੍ਰਾਂਚ ਨਹਿਰ ਦੇ ਪੁਲ ਦੱਧਾਹੂਰ ਲਾਗੇ ਆਲਟੋ ਕਾਰ ਦੇ ਨਹਿਰ ’ਚ ਡਿਗਣ ਕਾਰਨ ਕਾਰ ਚਾਲਕ ਦੀ ਮੌਤ ਹੋ ਗਈ। ਇਸ ਮੌਕੇ ਲੋਕਾਂ ਨੇ ਦੱਸਿਆ ਕਿ ਇਕ ਆਲਟੋ ਕਾਰ ਪਿੰਡ ਬਾਹਮਣੀਆਂ-ਕੁਤਬਾ ਲਿੰਕ ਰੋਡ ਤੋਂ ਰਾਏਕੋਟ-ਬਰਨਾਲਾ ਰੋਡ ਪੁਲ ਦੱਧਾਹੂਰ ਵੱਲ ਨੂੰ ਆ ਰਹੀ ਸੀ ਪਰ ਜਦੋਂ ਕਾਰ ਨਹਿਰ ਦੇ ਕੰਢੇ ਪੁੱਜੀ ਤਾਂ ਕਾਰ ਬੇਕਾਬੂ ਹੋ ਕੇ ਨਹਿਰ ’ਚ ਜਾ ਡਿਗੀ। ਜਿਸ ਨੂੰ ਆਲੇ-ਦੁਆਲੇ ਮੌਜੂਦ ਲੋਕਾਂ ਨੇ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਨੱਕੋ-ਨੱਕ ਭਰੀ ਨਹਿਰ ਦੇ ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਗੱਡੀ ਚਾਲਕ ਸਮੇਤ ਰੁੜ੍ਹ ਗਈ। ਫਿਰ ਵੀ ਪੁਲ ਦੇ ਦੂਸਰੇ ਪਾਸੇ ਜਾ ਕੇ ਪਾਣੀ ਦੀਆਂ ਧਾਰਾਂ ਕਾਰਨ ਕਾਰ ਦੀ ਬਾਰੀ ਖੁੱਲ੍ਹ ਗਈ। ਜਿਸ ਦੌਰਾਨ ਕਾਰ ਚਾਲਕ ਨੂੰ ਲੋਕਾਂ ਨੇ ਬੜੀ ਜੱਦੋ-ਜਹਿਦ ਬਾਅਦ ਬਾਹਰ ਕੱਢ ਲਿਆ ਅਤੇ ਰਾਏਕੋਟ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਲਿਆਂਦਾ ਗਿਆ, ਜਿੱਥੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਇਸ ਸੰਬੰਧੀ ਗੱਲਬਾਤ ਕਰਨ ’ਤੇ ਪੁਲਿਸ ਚੌਂਕੀ ਜਲਾਲਦੀਵਾਲ ਦੇ ਇੰਚਾਰਜ ਲਖਵੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਹਿਚਾਣ ਜਸਵਿੰਦਰ ਸਿੰਘ (42) ਪੁੱਤਰ ਜਗਰੂਪ ਸਿੰਘ ਵਾਸੀ ਸਹਿਜੜਾ (ਜ਼ਿਲ੍ਹਾ ਬਰਨਾਲਾ) ਵਜੋਂ ਹੋਈ ਹੈ। ਉਹਨਾਂ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਬਲਜਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ਤੇ ਥਾਣਾ ਚੌਂਕੀ ਜਲਾਲਦੀਵਾਲ ਵਿਖੇ 174 ਕਾਰਵਾਈ ਕਰਕੇ ਲਾਸ਼ ਪੋਸਟਮਾਰਟਮ ਲਈ ਜਗਰਾਓਂ ਸਿਵਲ ਹਸਪਤਾਲ ਨੂੰ ਭੇਜ ਦਿੱਤੀ ਹੈ ਮ੍ਰਿਤਕ ਜਸਵਿੰਦਰ ਸਿੰਘ ਆਪਣੇ ਪਿੱਛੇ ਪਤਨੀ ਅਤੇ ਇੱਕ ਨਾਬਾਲਗ ਪੁੱਤਰ ਨੂੰ ਛੱਡ ਗਿਆ ਹੈ।



## ‘ਯੁੱਧ ਨਸ਼ਿਆਂ ਵਿਰੁੱਧ’: ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਨਸ਼ਾ ਤਸਕਰ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਇਮਾਰਤ ’ਤੇ ਚੱਲਿਆ ਬੁਲਡੋਜ਼ਰ




### ਪੰਜਾਬ ਸਰਕਾਰ ਦੀਆਂ ਹਦਾਇਤਾਂ ’ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲਿਸ ਦੀ ਮਦਦ ਨਾਲ ਇੱਕ ਅਣਅਧਿਕਾਰਤ ਇਮਾਰਤ ਢੇਰ

**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਰਵੀਨਾ ਅਰੋੜਾ, ਮਨਜੀਤ ਸਿੱਧੂ)** ਸ੍ਰੀ ਮੁਕਤਸਰ ਸਾਹਿਬ ਸ਼ਹਿਰ ਵਿੱਚ ਇੱਕ ਨਸ਼ਾ ਤਸਕਰ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਇਮਾਰਤ ਨੂੰ ਢਾਹਿਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਵਰੁਣ ਕੁਮਾਰ ਸਹੋਤਾ ਨੇ ਦੱਸਿਆ ਕਿ ਪੁਲਿਸ ਥਾਣਾ ਸਿਟੀ ਤਹਿਤ ਆਉਂਦੇ ਇਲਾਕੇ ਵਿੱਚ ਮੰਨਜੂਰਾ ਦੇਵੀ ਪਤਨੀ ਰਸੀਦ ਖਾਨ ਵਾਸੀ ਆਦਰਸ਼ ਨਗਰ ਗਲੀ ਨੰਬਰ 04 ਸ੍ਰੀ ਮੁਕਤਸਰ ਸਾਹਿਬ ਵੱਲੋਂ ਕਬਰਾਂ ਦੇ ਨਜ਼ਦੀਕ ਗੈਰ ਕਾਨੂੰਨੀ ਤਰੀਕੇ ਨਾਲ ਇੱਕ ਇਮਾਰਤ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਉਣ ਦੀਆਂ ਹਦਾਇਤਾਂ ਪ੍ਰਾਪਤ ਕਰਕੇ ਪੁਲਿਸ ਵਿਭਾਗ ਤੋਂ ਮੌਕੇ ‘ਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਮਦਦ ਲਈ ਗਈ ਸੀ। ਉਨ੍ਹਾਂ ਕਿਹਾ ਕਿ ਪੂਰੇ ਕਾਨੂੰਨੀ ਤਰੀਕੇ ਦੀ ਪਾਲਣਾ ਕਰਦਿਆਂ ਇਸ ਗੈਰ ਕਾਨੂੰਨੀ ਇਮਾਰਤ ਨੂੰ ਅੱਜ ਢਾਹਿਆ ਗਿਆ। ਇਸ ਮਾਮਲੇ ਵਿੱਚ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੰਨਜੂਰਾ ਦੇਵੀ ਉੱਪਰ ਪਹਿਲਾਂ ਤੋਂ ਹੀ ਨਸ਼ਾ ਤਸਕਰੀ ਦੇ 03 ਮੁੱਕਦਮੇ ਤੇ ਹੋਰ ਧਰਾਵਾਂ ਤਹਿਤ 03 ਮੁਕਦਮੇ ਕੁੱਲ 06 ਮੁਕਦਮੇ ਦਰਜ ਹਨ।

ਡਾ. ਅਖਿਲ ਚੌਧਰੀ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਅਟੈਚ ਕਰਵਾਇਆ ਜਾਵੇਗਾ। ਇਸ ਮੌਕੇ ਮਨਮੀਤ ਸਿੰਘ ਐਸ.ਪੀ (ਡੀ), ਨਵੀਨ ਕੁਮਾਰ ਡੀ.ਐਸ.ਪੀ (CAW&C) ਸ੍ਰੀ ਮੁਕਤਸਰ ਸਾਹਿਬ, ਸੈਨਟਰੀ ਇੰਸਪੈਕਟਰ ਪਰਮਜੀਤ ਸਿੰਘ, ਵਿਜੇ ਕੁਮਾਰ ਜੂਨੀਅਰ ਇੰਨਜੀਨੀਅਰ ਅਤੇ ਇੰਸਪੈਕਟਰ ਜਸਕਰਨਦੀਪ ਸਿੰਘ ਐਸ.ਐਚ.ਓ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਵੀ ਹਾਜ਼ਰ ਸਨ।

## ਕਾਰ ਦਾ ਸ਼ੀਸ਼ਾ ਤੋੜ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲਾ ਦੋਸ਼ੀ ਮਹਿਜ ਕੁਝ ਘੰਟਿਆਂ ’ਚ ਕਾਬੂ

### ਚੋਰੀ ਕੀਤੇ ਪਰਸ, ਨਕਦੀ ਅਤੇ ਦਸਤਾਵੇਜ ਵੀ ਕੀਤੇ ਬਰਾਮਦ : ਐਸ.ਐਸ.ਪੀ.

**ਕੋਟਕਪੂਰਾ, 8 ਜੁਲਾਈ (ਟਿੰਕੂ ਕੁਮਾਰ):-** ਡਾ. ਪ੍ਰਗਿਆ ਜੈਨ ਐਸ.ਐਸ.ਪੀ. ਦੀ ਅਗਵਾਈ ਹੇਠ ਫਰੀਦਕੋਟ ਨੂੰ ਸੁਰੱਖਿਅਤ ਜਿਲ੍ਹਾ ਬਣਾਉਣ ਦੀ ਮੁਹਿੰਮ ਤਹਿਤ ਤਰਲੋਚਨ ਸਿੰਘ ਡੀ.ਐਸ.ਪੀ. (ਸਬ-ਡਵੀਜਨ) ਦੇ ਦਿਸ਼ਾ ਨਿਰਦੇਸ਼ਾ ਹੇਠ ਥਾਣਾ ਸਿਟੀ ਫਰੀਦਕੋਟ ਵੱਲੋਂ ਕਾਰ ਦਾ ਸ਼ੀਸ਼ਾ ਤੋੜ ਕੇ ਅੰਦਰ ਪਿਆ ਚੋਰੀ ਕਰਨ ਵਾਲੇ ਦੋਸ਼ੀ ਨੂੰ ਮਹਿਜ ਚੰਦ ਘੰਟਿਆ ਅੰਦਰ ਹੀ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਗਈ ਹੈ। ਗ੍ਰਿਫ਼ਤਾਰ ਦੋਸ਼ੀ ਦੀ ਪਹਚਾਣ ਰਾਜੂ ਸਿੰਘ ਵਜੋਂ ਹੋਈ, ਜੋ ਨਥੇਹਾ (ਬਠਿੰਡਾ) ਦਾ ਰਹਿਣ ਵਾਲਾ ਤੇ ਫਿਲਹਾਲ ਆਰਾ ਕਾਲੋਨੀ, ਫਰੀਦਕੋਟ ਵਿੱਚ ਰਹਿ ਰਿਹਾ ਸੀ। ਪੁਲਿਸ ਪਾਰਟੀ ਵੱਲੋਂ ਦੋਸ਼ੀ ਪਾਸੋ ਚੋਰੀ ਕੀਤੇ 2 ਪਰਸ, ਦਸਤਾਵੇਜ ਅਤੇ ਨਗਦੀ ਵੀ ਬਰਾਮਦ ਕੀਤੀ ਗਈ ਹੈ। ਜਾਣਕਾਰੀ ਮੁਤਾਬਿਕ ਦੋਸ਼ੀ ਰਾਜੂ ਸਿੰਘ ਵੱਲੋਂ ਗਿਆਨੀ ਜੈਲ ਸਿੰਘ ਮਾਰਕੀਟ ਵਿੱਚ ਦੁਕਾਨ ਦੇ ਬਾਹਰ ਪਿਛਲੇ ਪਾਸੇ ਖੜ੍ਹੀ ਕੀਤੀ ਕਾਰ ਦੇ ਸ਼ੀਸ਼ੇ ਵਿੱਚ ਰੋੜਾ ਮਾਰ ਕੇ ਸ਼ੀਸ਼ਾ ਤੋੜ ਕੇ ਅੰਦਰ ਪਏ 2 ਪਰਸ ਜਿਹਨਾਂ ਵਿੱਚ ਕਰੀਬ 8000/- ਰੁਪਏ, 260 ਦੇ ਕੈਨੇਡੀਅਨ ਡਾਲਰ ਅਤੇ ਦਸਤਾਵੇਜ ਚੋਰੀ ਕੀਤੇ ਗਏ ਸਨ। ਜਿਸ ਉਪਰੰਤ ਸ:ਥ ਅਕਲਪ੍ਰੀਤ ਸਿੰਘ ਇੰਚਾਰਜ ਚੌਕੀ ਮੈਡੀਕਲ ਕਾਲਜ ਫਰੀਦਕੋਟ ਵੱਲੋ ਪੁਲਿਸ ਪਾਰਟੀ ਸਮੇਤ ਤੁਰਤ ਕਾਰਵਾਈ ਕਰਦੇ ਹੋਏ ਉਕਤ ਦੋਸ਼ੀ ਨੂੰ ਕੁਝ ਘੰਟਿਆ ਅੰਦਰ ਹੀ ਕਾਬੂ ਕੀਤਾ ਗਿਆ। ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿੱਚ ਮੁਕਦਮਾ ਨੰਬਰ 296 ਮਿਤੀ 07-07-2025 ਅ/ਧ 303/324(4) ਬੀ.ਐਨ. ਐਸ., 317(2) ਬੀ.ਐਨ.ਐਸ. ਦਰਜ ਰਜਿਸਟਰ ਕੀਤਾ ਗਿਆ ਹੈ। ਮੁੱਢਲੀ ਤਫਤੀਸ਼ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਗ੍ਰਿਫਤਾਰ ਦੋਸ਼ੀ ਰਾਜੂ ਸਿੰਘ ਵੱਲੋਂ ਪਹਿਲਾ ਵੀ ਇਸ ਤਰ੍ਹਾਂ ਦੀਆਂ ਵਾਰਦਾਤਾ ਨੂੰ ਅੰਜਾਮ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਇਸ ਖਿਲਾਫ ਪਹਿਲਾ ਵੀ ਥਾਣਾ ਤਲਵੰਡੀ ਸਾਬੋ (ਬਠਿੰਡਾ) ਵਿਖੇ ਮੁਕੱਦਮਾ ਨੰਬਰ 64 ਮਿਤੀ 23-04-2021 ਅ/ਧ 61/78 ਐਕਸਾਈਜ਼ ਐਕਟ ਦਰਜ਼ ਰਜਿਸਟਰ ਹੈ। ਗ੍ਰਿਫਤਾਰ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਪਾਸੋ ਹੋਰ ਪੁੱਛਗਿੱਛ ਕੀਤੀ ਜਾ ਸਕੇ। ਫਰੀਦਕੋਟ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਲਗਾਤਾਰ ਕਾਰਵਾਈ ਕਰਦਿਆਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਦ੍ਰਿੜਤਾ ਨਾਲ ਨਿਭਾਈ ਜਾ ਰਹੀ ਹੈ। ਜਿਲ੍ਹੇ ਦੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ, ਅਤੇ ਇਸ ਉਦੇਸ਼ ਲਈ ਫਰੀਦਕੋਟ ਪੁਲਿਸ ਲਗਾਤਾਰ ਮਾੜੇ ਅਨਸਰਾਂ ਖ਼ਿਲਾਫ ਸਖ਼ਤ ਕਦਮ ਚੁੱਕਦੀ ਰਹੇਗੀ।



## ਅਣਪਛਾਤੇ ਨਕਾਬਪੋਸ਼ ਬਦਮਾਸ਼ਾਂ ਨੇ ਇੱਕ ਸੋਸ਼ਲ ਮੀਡੀਆ ਇਨਫਲੂਏਂਸਰ ’ਤੇ ਕੀਤਾ ਜਾਨਲੇਵਾ ਹਮਲਾ

**ਭਵਾਨੀਗੜ੍ਹ, 8 ਜੁਲਾਈ (ਰਾਜ ਖੁਰਮੀ)**- ਸਥਾਨਕ ਬਲਿਆਲ ਰੋਡ ’ਤੇ ਮੰਗਲਵਾਰ ਨੂੰ ਦਿਨ-ਦਿਹਾੜੇ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲਿਆ। ਬੇਸਬੈਟ, ਡੰਡੇ ਅਤੇ ਤਲਵਾਰਾਂ ਨਾਲ ਲੈਸ ਇੱਕ ਦਰਜਨ ਦੇ ਕਰੀਬ ਅਣਪਛਾਤੇ ਨਕਾਬਪੋਸ਼ ਬਦਮਾਸ਼ਾਂ ਨੇ ਇੱਕ ਸੋਸ਼ਲ ਮੀਡੀਆ ਇਨਫਲੂਏਂਸਰ ’ਤੇ ਜਾਨਲੇਵਾ ਹਮਲਾ ਕਰ ਦਿੱਤਾ। ਹਮਲੇ ਦੌਰਾਨ ਸਿਰ ਅਤੇ ਬਾਂਹ ’ਤੇ ਸੱਟਾਂ ਲੱਗਣ ਕਾਰਨ ਗੰਭੀਰ ਜ਼ਖਮੀ ਹੋਏ ਸੋਸ਼ਲ ਮੀਡੀਆ ਇਨਫਲੂਏਂਸਰ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਮੁੱਢਲੀ ਡਾਕਟਰੀ ਸਹਾਇਤਾ ਦੇਣ ਮਗਰੋਂ ਉਸਨੂੰ ਸੰਗਰੂਰ ਰੈਫਰ ਕੀਤਾ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ।



ਇੱਥੇ ਸਰਕਾਰੀ ਹਸਪਤਾਲ ਵਿਖੇ ਇਲਾਜ ਅਧੀਨ ਹੈਪੀ ਸ਼ਰਮਾ ਵਾਸੀ ਭਵਾਨੀਗੜ੍ਹ ਨੇ ਦੱਸਿਆ ਕਿ 2 ਦਿਨ ਪਹਿਲਾਂ ਉਸਨੇ ਆਪਣੇ ਸੋਸ਼ਲ ਮੀਡੀਆ ਪੇਜ ’ਤੇ ਸ਼ਹਿਰ ’ਚ ਖੁੱਲ੍ਹੇਆਮ ਕਥਿਤ ਨਸ਼ੇ ਦਾ ਸੇਵਨ ਕਰਦੇ ਨੌਜਵਾਨ ਦੀ ਇੱਕ ਵੀਡੀਓ ਅਪਲੋਡ ਕੀਤੀ ਸੀ, ਵਾਇਰਲ ਵੀਡੀਓ ਨੂੰ ਵੱਡੀ ਗਿਣਤੀ ਵਿਚ ਲੋਕਾਂ ਨੇ ਦੇਖਿਆ ਅਤੇ ਸਾਂਝਾ ਵੀ ਕੀਤਾ। ਹੈਪੀ ਨੇ ਦੱਸਿਆ ਕਿ ਅੱਜ ਜਦੋਂ ਉਹ ਬਲਿਆਲ ਰੋਡ ’ਤੇ ਆਪਣੇ ਘਰ ਦੇ ਬਾਹਰ ਦੁਕਾਨ ਦੇ ਅੰਦਰ ਬੈਠਾ ਸੀ ਤਾਂ 10-12 ਨਕਾਬਪੋਸ਼ ਬਦਮਾਸ਼ਾਂ ਜਿਨ੍ਹਾਂ ਦੇ ਹੱਥਾਂ ’ਚ ਬੇਸਬੱਲੇ, ਡਾਂਗਾਂ ਅਤੇ ਤਲਵਾਰਾਂ ਸਨ ਨੇ ਅਚਾਨਕ ਉਸ ਉਪਰ ਹਮਲਾ ਕਰ ਦਿੱਤਾ। ਹਮਲੇ ਦੌਰਾਨ ਡੂੰਘੀ ਸੱਟ ਲੱਗਣ ਕਾਰਨ ਉਸਦੇ ਸਿਰ ਵਿਚ ਕਈ ਟਾਂਕੇ ਲੱਗੇ ਇਸ ਤੋਂ ਇਲਾਵਾ ਉਸਦੀ ਬਾਂਹ ਵੀ ਤਿੰਨ ਥਾਂ ਤੋਂ ਟੁੱਟ ਗਈ। ਹਮਲੇ ਦਾ ਸ਼ਿਕਾਰ ਹੈਪੀ ਨੇ ਕਿਹਾ ਕਿ ਉਸਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ ਪਰੰਤੂ ਉਸਨੂੰ ਸ਼ੱਕ ਹੈ ਕਿ ਇਹ ਹਮਲਾ ਉਸਦੇ ਵੱਲੋਂ ਆਪਣੇ ਸੋਸ਼ਲ ਮੀਡੀਆ ਪੇਜ ’ਤੇ ਚਿੱਟੇ ਦੀ ਡੋਜ਼ ਲੈਂਦੇ ਇੱਕ ਨੌਜਵਾਨ ਦੀ ਵੀਡੀਓ ਅਪਲੋਡ ਕਰਨ ਕਰਕੇ ਹੋਇਆ ਹੈ ਤਾਂ ਜੋ ਨਸ਼ੇ ਦੇ ਸੌਦਾਗਰਾਂ ਦੀ ਪੋਲ ਨਾ ਖੁੱਲ ਜਾਵੇ। ਦੂਜੇ ਪਾਸੇ ਘਟਨਾ ਮਗਰੋਂ ਹਸਪਤਾਲ ਵਿਖੇ ਇਕੱਤਰ ਸ਼ਹਿਰ ਦੇ ਸਮੂਹ ਪੱਤਰਕਾਰਾਂ ਨੇ ਹਮਲੇ ਦੀ ਪੁਰਜੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਪੁਲਸ ਪ੍ਰਸ਼ਾਸਨ ਤੋਂ ਹਮਲਾਵਰਾਂ ਨੂੰ ਜਲਦ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।

ਓਧਰ, ਡੀਐਸਪੀ ਭਵਾਨੀਗੜ੍ਹ ਰਾਹੁਲ ਕੌਸ਼ਲ ਨੇ ਕਿਹਾ ਕਿ ਪੁਲਸ ਇਸ ਮਾਮਲੇ ਵਿਚ ਗੰਭੀਰਤਾ ਨਾਲ ਕਾਰਵਾਈ ਕਰ ਰਹੀ ਹੈ। ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ ਅਤੇ ਹੋਰ ਪਹਿਲੂ ਨੂੰ ਵੀ ਦੇਖਿਆ ਜਾ ਰਿਹਾ। ਉਨ੍ਹਾਂ ਦਾਅਵਾ ਕੀਤਾ ਕਿ ਪੁਲਸ ਜਲਦ ਹੀ ਦੋਸ਼ੀਆਂ ਦੀ ਪਛਾਣ ਕਰ ਲਵੇਗੀ ਜਿਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# 6 ਪੰਜਾਬ ਬਟਾਲੀਅਨ ਐਨ.ਸੀ.ਸੀ., ਮਲੋਟ ਵੱਲੋਂ ਇਤਿਹਾਸਕ ਸਰਟੀਫਿਕੇਟ ਵੰਡ ਸਮਾਰੋਹ ਦਾ ਆਯੋਜਨ




**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਮਾਲਵਾ ਬਾਣੀ)** 6 ਪੰਜਾਬ ਬਟਾਲੀਅਨ ਐਨ.ਸੀ.ਸੀ., ਮਲੋਟ ਦੀ ਐਨ.ਸੀ.ਸੀ. ਅਕੈਡਮੀ ਵਿੱਚ 'ਏ' ਅਤੇ 'ਸੀ' ਸਰਟੀਫਿਕੇਟ ਵੰਡ ਸਮਾਰੋਹ ਦਾ ਸ਼ਾਨਦਾਰ ਤੇ ਇਤਿਹਾਸਕ ਆਯੋਜਨ ਕੀਤਾ ਗਿਆ। ਇਸ ਮਹੱਤਵਪੂਰਨ ਸਮਾਰੋਹ ਦੀ ਸਫਲ ਅਗਵਾਈ 6 ਪੰਜਾਬ ਬਟਾਲੀਅਨ ਐਨ.ਸੀ.ਸੀ. ਮਲੋਟ ਦੇ ਕਮਾਂਡਿੰਗ ਅਫਸਰ ਕਰਨਲ ਰਣਬੀਰ ਸਿੰਘ, ਐਸ.ਐਮ. ਅਤੇ ਸੂਬੇਦਾਰ ਮੈਜਰ ਯੋਗੇਸ਼ ਯਾਦਵ ਦੇ ਦ੍ਰਿੜ ਨੈਤ੍ਰਤਵ ਹੇਠ ਕੀਤੀ ਗਈ। ਮਲੋਟ ਸਥਿਤ 6 ਪੰਜਾਬ ਐਨ.ਸੀ.ਸੀ. ਬਟਾਲੀਅਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੀ, ਜਦੋਂ ਇੰਨੇ ਵੱਡੇ ਪੱਧਰ 'ਤੇ ਇੱਕ ਵਿਧੀਕ ਸਰਟੀਫਿਕੇਟ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿੱਚ 10 ਕਾਲਜਾਂ ਅਤੇ 25 ਸਕੂਲਾਂ ਤੋਂ ਲਗਭਗ 615 ਕੈਡਟਸ, 12 ਏ.ਐਨ.ਓ. (Associate NCC Officers) ਅਤੇ 25 ਸੀ.ਟੀ.ਓ. (Care Taker Officers) ਨੇ ਭਾਗ ਲਿਆ। ਸਮਾਰੋਹ ਦੀ ਪੂਰੀ ਰੂਪਰੇਖਾ ਸੂਬੇਦਾਰ ਮੈਜਰ ਯੋਗੇਸ਼ ਯਾਦਵ, ਪੂਰੇ ਪੀਆਈ ਸਟਾਫ ਅਤੇ ਜੀਸੀਆਈ ਵੰਦਨਾ ਵੱਲੋਂ ਤਿਆਰ ਕੀਤੀ ਗਈ। ਉਨ੍ਹਾਂ ਦੀ ਲਗਨ ਅਤੇ ਅਨੁਸ਼ਾਸਨਤਮਕ ਕੋਸ਼ਿਸ਼ਾਂ ਕਾਰਨ ਇਹ ਸਮਾਰੋਹ ਵਿਸ਼ੇਸ਼ ਬਣਿਆ। ਸਭ ਕੈਡਟਸ ਨੂੰ 'ਏ' ਅਤੇ 'ਸੀ' ਸਰਟੀਫਿਕੇਟ ਪ੍ਰਦਾਨ ਕੀਤੇ ਗਏ, ਜੋ ਉਨ੍ਹਾਂ ਦੀ ਸੇਵਾਵਾਂ, ਸਮਰਪਣ ਅਤੇ ਅਨੁਸ਼ਾਸਨ ਦਾ ਪ੍ਰਮਾਣ ਹਨ। ਇਹ ਸਮਾਰੋਹ ਨਾ ਸਿਰਫ਼ ਕੈਡਟਸ ਲਈ ਪ੍ਰੇਰਨਾਦਾਇਕ ਰਿਹਾ, ਸਗੋਂ ਇਹ ਐਨ.ਸੀ.ਸੀ. ਦੀ ਉੱਚੀ ਮਰਿਆਦਾ ਅਤੇ ਨੇਤ੍ਰਤਵ ਸਮਰਥਾ ਨੂੰ ਵੀ ਉਜਾਗਰ ਕਰਦਾ ਹੈ।

# ਨੌਜਵਾਨ ਹੀ ਨਰੋਏ ਸਮਾਜ ਦੀ ਰੀੜ ਦੀ ਹੱਡੀ : ਡਾ. ਮੱਟੂ



**ਪਾਤੜਾਂ 8 ਜੁਲਾਈ (ਜਸਵਿੰਦਰ ਸਿੰਘ ਪਾਰਸ)** ਨੌਜਵਾਨ ਹੀ ਨਰੋਏ ਸਮਾਜ ਦੀ ਰੀੜ ਦੀ ਹੱਡੀ ਹੁੰਦੇ ਹਨ ਜੋਂ ਸਮਾਜ ਦੀ ਦਸ਼ਾ 'ਤੇ ਦਿਸ਼ਾ ਬਦਲ ਸਕਦੇ ਹਨ। ਪਰ ਸਰਕਾਰਾਂ ਦੀ ਨਲਾਇਕੀ ਕਾਰਨ ਨੌਜਵਾਨਾਂਨੂੰ ਸਹੀ ਸੇਧ ਨਹੀਂ ਮਿਲ ਰਹੀ ਤਾਹੀਓਂ ਅੱਜ ਕੁਝ ਨੌਜਵਾਨੀ ਰਾਹੋਂ ਕੁਰਾਹੇ ਪੈ ਨਸ਼ਿਆਂ ਵਿਚ ਗਲਤਾਨ ਹੋ ਰਹੇ ਹਨ ਜਾਂ ਵਿਦੇਸ਼ਾਂ ਵੱਲ ਨੂੰ ਤੁਰੇ ਜਾਂਦੇ ਹਨ।ਇੰਨਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦੇ ਹਲਕਾ ਸ਼ੁਤਰਾਣਾ ਦੇ ਸਰਗਰਮ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਵਲੋਂ ਹਲਕਾ ਸ਼ੁਤਰਾਣਾ ਦੇ ਕਸਬਾ ਘੱਗਾ ਵਿਖੇ ਨੌਜਵਾਨਾਂ ਦੀਆਂ ਦੁੱਖ ਤਕਲੀਫਾਂ ਸੁਣਦਿਆਂ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਖਿਲਾਫ ਜਾਗਰੂਕ ਕਰਦੇ ਸਮੇਂ ਕੀਤਾ। ਉਨਾਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਬੇਰੁਜ਼ਗਾਰੀ ਨੂੰ ਖਤਮ ਨਹੀਂ ਕਰ ਸਕੀਆਂ। ਅੱਜ ਬੇਰੁਜ਼ਗਾਰੀ ਦੀ ਮਾਰ ਝੱਲ ਰਿਹਾ ਨੌਜਵਾਨ ਨਸ਼ਿਆਂ ਵੱਲ ਤੁਰਿਆ ਜਾ ਰਿਹਾ ਹੈ, ਨਸ਼ੇ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹਨ। ਉਨਾਂ ਕਿਹਾ ਕਿ ਮਾਨਸਿਕ ਤੇ ਆਰਥਿਕ ਤੌਰ 'ਤੇ ਟੁੱਟ ਕੇ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ। ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਅਸੀਂ ਪਿੰਡ ਪਿੰਡ ਜਾ ਕੇ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰ ਰਹੇ ਹਾਂ। ਨੌਜਵਾਨਾਂ ਨੂੰ ਵੱਧ ਤੋਂ ਵੱਧ ਕਾਲਜਾਂ ਯੂਨੀਵਰਸਿਟੀਆਂ ਵਿੱਚ ਉੱਚ ਸਿੱਖਿਆ ਹਾਸਲ ਕਰਨ ਲਈ ਪ੍ਰੇਰਿਤ ਕਰ ਰਹੇ ਹਾਂ ਤਾਂ ਜੋ ਨੌਜਵਾਨ ਨੌਕਰੀ ਲੱਗਣ ਲਈ ਆਪਣੀ ਯੋਗਤਾ ਬਣਾਉਣ। ਇਸ ਮੌਕੇ ਹਾਜਰ ਨੌਜਵਾਨਾਂ ਵਿੱਚ ਗੁਰਵਿੰਦਰ ਸਿੰਘ ਲਾਡੀ ਘੱਗਾ, ਗਗਨਦੀਪ ਸਿੰਘ, ਹਰਵਿੰਦਰ ਸਿੰਘ, ਦਿਲਾਵਰ ਸਿੰਘ, ਸਤਨਾਮ ਸਿੰਘ, ਗੁਰਵਿੰਦਰ ਸਿੰਘ, ਸਤਨਾਮ ਸਿੰਘ ਬਬਲਾ, ਵਿੱਕੀ ਸਿੰਘ, ਸੁਖਵਿੰਦਰ ਸਿੰਘ, ਆਦਿ ਹਾਜਰ ਸਨ।

# ਪਾਵਰਕਾਮ ਐਂਡ ਟਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਮੁਲਾਜ਼ਮ ਚਰਨਜੀਤ ਸਿੰਘ ਖ਼ਿਆਲੀ ਨੇ ਮੋਬਾਇਲ ਵਾਪਸ ਕਰਕੇ ਇਮਾਨਦਾਰੀ ਦਿਖਾਈ



**ਮਹਿਲ ਕਲਾਂ 8 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਪਾਵਰਕਾਮ ਐਂਡ ਟਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਬਿਜਲੀ ਬੋਰਡ ਵਿੱਚ ਕੰਮ ਕਰਦੇ ਸੀ ਐੱਚ ਬੀ ਮੁਲਾਜ਼ਮ ਚਰਨਜੀਤ ਸਿੰਘ ਖਿਆਲੀ ਨੂੰ ਵਜੀਦਕੇ ਖੁਰਦ ਅਪਣੀ ਡਿਊਟੀ ਦੌਰਾਨ ਇੱਕ ਮੋਬਾਈਲ ਫੋਨ ਮਿਲਿਆ ਸੀ ਜਿਸ ਦੀ ਕੀਮਤ ਲੱਗਭੱਗ 12 ਹਜ਼ਾਰ ਹੈ। ਆਪਣੀ ਇਮਾਨਦਾਰੀ ਨੂੰ ਮੁੱਖ ਰੱਖ ਕੇ ਅਸਲੀ ਮਾਲਕ ਨੂੰ ਫੋਨ ਵਾਪਸ ਕੀਤਾ ਗਿਆ।

# ਸਵਰਗੀ ਸਵਦੇਸ਼ ਚੌਪੜਾ ਉਘੇ ਸਮਾਜਸੇਵੀ ਸਨ : ਚੇਅਰਮੈਨ ਬਲਰਾਜ ਸਿੰਘ ਸੰਧੂ

**ਮਮਦੋਟ 08 ਜੁਲਾਈ (ਗੁਰਪ੍ਰੀਤ ਸਿੰਘ ਸੰਧੂ)** ਸਵਰਗੀ ਸਵਦੇਸ਼ ਚੌਪੜਾ ਦੀ 10ਵੀਂ ਬਰਸੀ ਤੇ ਮਮਦੋਟ ਵਿਖੇ ਵੱਖ-ਵੱਖ ਰਾਜਨੀਤਿਕ, ਸਮਾਜਸੇਵੀ ਅਤੇ ਧਾਰਮਿਕ ਸੰਸਥਾ ਦੇ ਆਗੂਆਂ ਵੱਲੋ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ ਤੇ ਸਵਰਗੀ ਸਵਦੇਸ਼ ਚੌਪੜਾ ਨੂੰ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਸੁਰਿੰਦਰ ਕੁਮਾਰ ਕਾਲਾ ਸ਼ਹਿਰੀ ਪ੍ਰਧਾਨ ਸ਼ੋ੍ਮਣੀ ਅਕਾਲੀ ਦਲ, ਹਰਪਾਲ ਸਿੰਘ ਸੋਢੀ ਸ਼ਹਿਰੀ ਪ੍ਰਧਾਨ ਕਾਂਗਰਸੀ ਕਮੇਟੀ, ਜਸਵੰਤ ਸਿੰਘ ਥਿੰਦ ਜਿਲ੍ਹਾ ਪ੍ਰਧਾਨ ਪ੍ਰੈੱਸ ਕਲੱਬ ਫਿਰੋਜਪੁਰ ਦਿਹਾਤੀ, ਸੋਨੂੰ ਸੇਠੀ ਐਮ.ਸੀ. ਮਮਦੋਟ, ਜਸਬੀਰ ਸਿੰਘ ਚੇਅਰਮੈਨ ਪ੍ਰੈੱਸ ਕਲੱਬ ਫਿਰੋਜਪੁਰ ਦਿਹਾਤੀ, ਨੇ ਸਵਰਗੀ ਸਵਦੇਸ਼ ਚੌਪੜਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕਿਹਾ ਕਿ ਪਦਮ ਵਿਜੈ ਚੌਪੜਾ ਜੀ ਦੇ ਸਮਾਜਸੇਵੀ ਕੰਮਾਂ ਵਿੱਚ ਉਹਨਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸਮਾਜਸੇਵੀ ਖੇਤਰ ਵਿੱਚ ਉਹਨਾਂ ਦੇ ਕੀਤੇ ਹੋਏ ਕੰਮਾਂ ਨੂੰ ਕਦੇ ਵੀ ਭੁਲਾਇਆ ਨਹੀ ਜਾ ਸਕਦਾ। ਇਸ ਮੌਕੇ ਤੇ ਹੋਰਨਾਂ ਤੋ ਇਲਾਵਾ ਪੱਤਰਕਾਰ ਗੁਰਪ੍ਰੀਤ ਸਿੰਘ ਸੰਧੂ, ਪੱਤਰਕਾਰ ਤੇਜਿੰਦਰਪਾਲ ਢੀਗੜਾ, ਪੱਤਰਕਾਰ ਰਵਿੰਦਰ ਸਿੰਘ ਕਾਲਾ, ਪੱਤਰਕਾਰ ਬਲਦੇਵ ਰਾਜ ਸ਼ਰਮਾਂ, ਸੰਦੀਪ ਚਾਵਲਾ ਪ੍ਰਧਾਨ ਭਾਜਪਾ ਮੰਡਲ ਮਮਦੋਟ, ਜਸਬੀਰ ਸਿੰਘ ਸ਼ਰਮਾਂ ਇਕਾਈ ਪ੍ਰਧਾਨ ਸਰਬੱਤ ਦਾ ਭਲਾ ਟਰੱਸਟ ਮਮਦੋਟ, ਵਿੱਕੀ ਮਦਾਨ ਪ੍ਰਧਾਨ ਵਪਾਰ ਮੰਡਲ ਮਮਦੋਟ, ਸੁਖਜੀਤ ਸਿੰਘ ਉਪਲ ਸਰਪ੍ਰਸਤ ਖੱਤਰੀ ਵੈਲਫੇਅਰ ਸਭਾ ਫਿਰੋਜਪੁਰ ਆਦਿ ਹਾਜਰ ਸਨ।

## ਮਮਦੋਟ ਵਿਖੇ ਸਵਰਗੀ ਸਵਦੇਸ਼ ਚੌਪੜਾ ਦੀ ਮਨਾਈ 10ਵੀਂ ਬਰਸੀ



# ਅਬੋਹਰ ਵਿਖੇ ਕੱਪੜਾ ਵਪਾਰੀ ਦੀ ਹੱਤਿਆ ਨੇ ਪੰਜਾਬ ਸਰਕਾਰ ਦੀ ਨਾਕਾਮੀ ਮੁੜ ਸਾਬਿਤ ਕੀਤੀ- ਹਰਪਾਲ ਸਿੰਘ ਸੋਨੂੰ

**ਸੰਗਰੂਰ, 08 ਜੁਲਾਈ (ਸ਼ਰਮਾ)** – ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਉਬੀਸੀ ਡਿਪਾਰਟਮੈਂਟ ਦੇ ਵਾਈਸ ਚੇਅਰਮੈਨ ਅਤੇ ਸੰਗਰੂਰ ਤੋਂ ਮੁੱਖ ਬੁਲਾਰੇ ਹਰਪਾਲ ਸਿੰਘ ਸੋਨੂੰ ਵੱਲੋਂ ਅੱਜ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਗਿਆ ਕਿ ਲੰਘੇ ਕੱਲ ਅਬੋਹਰ ਵਿੱਚ ਇੱਕ ਮਸ਼ਹੂਰ ਕੱਪੜਾ ਵਪਾਰੀ ਦੀ



ਦਿਨ ਦਿਹਾੜੇ ਕੀਤੀ ਗਈ ਹੱਤਿਆ ਨੇ ਇੱਕ ਬਾਰ ਮੁੜ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਸਰਕਾਰ ਆਮ ਲੋਕਾਂ ਦੀ ਰੱਖਿਆ ਕਰਨ ਵਿੱਚ ਤਾਂ ਪਹਿਲਾਂ ਹੀ ਫ਼ੇਲ ਸਾਬਿਤ ਹੋ ਚੁੱਕੀ ਹੈ ਅਤੇ ਹੁਣ ਪੰਜਾਬ ਦੇ ਵੱਡੇ ਵਪਾਰੀ ਗੈਂਗਸਟਰਾਂ ਵੱਲੋਂ ਨਿਸ਼ਾਨਾ ਬਣਾਏ ਜਾ ਰਹੇ ਹਨ। ਜਿਸ ਨਾਲ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਦਾ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਸੂਬੇ ਅੰਦਰ ਵੱਡੇ ਵਪਾਰੀ ਅਤੇ ਨਾਮਚੀਨ ਹਸਤੀਆਂ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦੀ ਰੱਖਿਆ ਕੌਣ ਕਰੇਗਾ? ਇਸ ਸਬੰਧੀ ਉਨ੍ਹਾਂ ਪੰਜਾਬ ਸਰਕਾਰ ਤੇ ਸਵਾਲੀਆ ਚਿੰਨ ਲਗਾਉਂਦੇ ਹੋਏ ਕਿਹਾ ਕਿ ਰੋਜਾਨਾ ਸੂਬੇ ਵਿੱਚ ਲੁੱਟ ਖੋਹ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ ਅਤੇ ਕਤਲ ਵਰਗੇ ਸੰਗੀਨ ਜੁਰਮ ਦੀਆਂ ਖ਼ਬਰਾਂ ਨਾਲ ਅਖ਼ਬਾਰਾਂ ਭਰੀਆਂ ਹੁੰਦੀਆਂ ਹਨ, ਇਨਾਂ ਸਭ ਗੱਲਾਂ ਤੋਂ ਬੇਖ਼ਬਰ ਹੋਕੇ ਸਰਕਾਰ ਫ਼ੋਕੀਆਂ ਮਸ਼ਹੂਰੀਆਂ ਕਰਨ ਤੇ ਤੁਲੀ ਹੋਈ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੂਬੇ ਦੇ ਸਮੂਹ ਵਰਗਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਗੈਂਗਸਟਰਵਾਦ ਦੀ ਸੂਬੇ ਵਿੱਚ ਵੱਧ ਰਹੀ ਦਖਲਅੰਦਾਜੀ ਨੂੰ ਸਖ਼ਤੀ ਨਾਲ ਨਜਿੱਠਿਆ ਜਾਵੇ ਤਾਂ ਜੋ ਸੂਬੇ ਦੇ ਲੋਕ ਅਮਨ ਤੇ ਸ਼ਾਂਤੀ ਨਾਲ ਆਪਣਾ ਜੀਵਨ ਬਸ਼ਰ ਕਰ ਸਕਣ।

# ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਰਾਮਲੀਲਾ ਕਮੇਟੀ ਨਾਲ ਮੀਟਿੰਗ ਕਰਕੇ ਕੀਤੀ ਵਿਚਾਰ ਚਰਚਾ



**ਜਲਾਲਾਬਾਦ 8 ਜੁਲਾਈ (ਗਗਨ ਵਾਟਸ)** :- ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਅੱਜ ਰਾਮਲੀਲਾ ਕਮੇਟੀ ਦੇ ਸਮੂਹ ਆਗੂ ਸਾਹਿਬਾਨਾਂ ਮੈਂਬਰਾਂ ਨਾਲ ਅਹਿਮ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਆਉਣ ਵਾਲੇ ਤਿਉਹਾਰ ਰਾਮਲੀਲਾ ਸਮਾਗਮ ਸਬੰਧੀ ਤਿਆਰੀਆਂ ਦੇ ਪ੍ਰਬੰਧਾਂ ਅਤੇ ਸੁਰੱਖਿਆ ਦੇ ਇੰਤਜ਼ਾਮਾਂ ਨੂੰ ਲੈ ਕੇ ਖੂਬ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਮੇਟੀ ਦੇ ਅਹੁਦੇਦਾਰਾਂ ਨੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੂੰ ਰਾਮਲੀਲਾ ਚੌਕ ਦੀ ਸਫਾਈ, ਬਿਜਲੀ ਸਪਲਾਈ, ਪਾਣੀ ਦੀ ਵਿਵਸਥਾ ਅਤੇ ਸੁਰੱਖਿਆ ਨਾਲ ਜੁੜੇ ਮਾਮਲੇ ਸਬੰਧੀ ਖੁੱਲ ਕੇ ਵਿਚਾਰ ਚਰਚਾ ਕੀਤੀ ਗਈ। ਵਿਧਾਇਕ ਗੋਲਡੀ ਨੇ ਕਿਹਾ ਕਿ ਰਾਮਲੀਲਾ ਸਮਾਗਮ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਪਹਿਚਾਣ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੀ ਸ਼ਾਨ ਕਾਇਮ ਰੱਖਣ ਲਈ ਪ੍ਰਸ਼ਾਸਨ ਵੱਲੋਂ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਨੇ ਮੌਕੇ 'ਤੇ ਹੀ ਸਬੰਧਿਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਰਾਮਲੀਲਾ ਸਮਾਗਮ ਦੌਰਾਨ ਸੁਰੱਖਿਆ ਪ੍ਰਬੰਧ ਪੱਕੇ ਕੀਤੇ ਜਾਣ, ਟਰੈਫਿਕ ਵਿਵਸਥਾ ਸੁਚੱਜੀ ਰੱਖੀ ਜਾਵੇ। ਮੀਟਿੰਗ ਦੌਰਾਨ ਕਮੇਟੀ ਦੇ ਪ੍ਰਧਾਨ ਸਮੇਤ ਸਾਰੇ ਮੈਂਬਰ, ਖੇਤਰ ਦੇ ਹੋਰ ਸਮਾਜ ਸੇਵੀ ਤੇ ਪ੍ਰਸ਼ਾਸਕੀ ਅਧਿਕਾਰੀ ਵੀ ਮੌਜੂਦ ਰਹੇ। ਮੀਟਿੰਗ ਤੋਂ ਬਾਅਦ ਵਿਧਾਇਕ ਨੇ ਰਾਮਲੀਲਾ ਚੌਕ ਦਾ ਦੌਰਾ ਕਰਕੇ ਤਿਆਰੀਆਂ ਦਾ ਜਾਇਜ਼ਾ ਵੀ ਲਿਆ ਅਤੇ ਲੋੜੀਂਦੇ ਸੁਧਾਰ ਜਲਦ ਕਰਵਾਉਣ ਦਾ ਭਰੋਸਾ ਦਿੱਤਾ।

# ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਲੁਧਿਆਣਾ 'ਚ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਐਮੇਰਿਟਸ ਰਜਿੰਦਰ ਗੁਪਤਾ ਨਾਲ ਕੀਤੀ ਮੁਲਾਕਾਤ



**ਬਰਨਾਲਾ 8 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)** ਦੇਸ਼ ਭਰ ਦੇ ਪ੍ਰਮੁੱਖ ਉਦਯੋਗਿਕ ਹਸਤਿਯਾਂ ਨਾਲ ਚੱਲ ਰਹੀ ਆਪਣੀ ਲਗਾਤਾਰ ਮੁਲਾਕਾਤਾਂ ਦੀ ਲੜੀ ਵਜੋਂ ਮੱਧ ਪ੍ਰਦੇਸ਼ ਦੇ ਮਾਣਯੋਗ ਮੁੱਖ ਮੰਤਰੀ ਡਾ. ਮੋਹਨ ਯਾਦਵ ਨੇ ਅੱਜ ਲੁਧਿਆਣਾ ਦਾ ਦੌਰਾ ਕੀਤਾ ਅਤੇ ਇੱਥੇ ਟੈਕਸਟਾਈਲ ਤੇ ਕਾਗਜ਼ ਉਦਯੋਗ ਦੇ ਪ੍ਰਮੁੱਖ ਨਿਰਮਾਤਾ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਐਮੇਰਿਟਸ ਸ਼੍ਰੀ ਰਜਿੰਦਰ ਗੁਪਤਾ ਨਾਲ ਮੁਲਾਕਾਤ ਕੀਤੀ। ਇਹ ਦੌਰਾ ਮੱਧ ਪ੍ਰਦੇਸ਼ ਸਰਕਾਰ ਅਤੇ ਟਰਾਈਡੈਂਟ ਗਰੁੱਪ ਵਿਚਕਾਰ ਚੱਲ ਰਹੇ ਪੁਰਾਣੇ ਅਤੇ ਮਜ਼ਬੂਤ ਸਾਂਝੇਦਾਰੀ ਸੰਬੰਧਾਂ ਨੂੰ ਰੋਸ਼ਨ ਕਰਦਾ ਹੈ, ਜਿਸ ਨੇ ਰਾਜ ਦੇ ਉਦਯੋਗਿਕ ਵਿਕਾਸ ਵਿੱਚ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਹੈ। ਡਾ. ਯਾਦਵ ਦਾ ਗੁਪਤਾ ਪਰਿਵਾਰ ਵੱਲੋਂ ਆਪਣੇ ਨਿਵਾਸ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ, ਜਿੱਥੇ ਦੋਹਾਂ ਵਿਚਕਾਰ ਸਾਂਝੀ ਸਮਝ ਅਤੇ ਉਦਯੋਗਿਕ ਵਿਕਾਸ ਦੇ ਸੰਯੁਕਤ ਦ੍ਰਿਸ਼ਟੀ 'ਤੇ ਚਰਚਾ ਹੋਈ। ਇਸ ਤੋ ਬਾਦ ਪੰਜਾਬ ਦੇ ਪ੍ਰਮੁੱਖ ਉਦਯੋਗਪਤੀਆਂ ਨਾਲ ਇਕ ਅਧਿਕਾਰਕ ਭੇਟ ਵਿੱਚ, ਸ਼੍ਰੀ ਰਜਿੰਦਰ ਗੁਪਤਾ ਨੇ ਮੁੱਖ ਮੰਤਰੀ ਦਾ ਸਵਾਗਤ ਕੀਤਾ ਅਤੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਟਰਾਈਡੈਂਟ ਗਰੁੱਪ ਨੂੰ ਮਿਲ ਰਹੀ ਲਗਾਤਾਰ ਸਹਿਯੋਗ ਲਈ ਬਹੁਤ ਧੰਨਵਾਦ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਡਾ. ਯਾਦਵ ਦੀ ਅਗਵਾਈ ਹੇਠ ਰਾਜ 'ਚ ਵਪਾਰ ਅਤੇ ਨਿਰਮਾਣ ਖੇਤਰ ਲਈ ਸਹੂਲਤ ਸੰਪੂਰਨ ਵਾਤਾਵਰਨ ਬਣਾਉਣ ਲਈ ਉਨ੍ਹਾਂ ਦੀ ਨਿਘੀ ਪ੍ਰਸ਼ੰਸਾ ਕੀਤੀ। ਬੁਧਨੀ, ਮੱਧ ਪ੍ਰਦੇਸ਼ ਵਿਚ ਸਥਿਤ ਟਰਾਈਡੈਂਟ ਦੀ ਵਿਸ਼ਾਲ ਨਿਰਮਾਣ ਯੂਨਿਟ ਗੁਣਵੱਤਾ ਅਤੇ ਟਿਕਾਊ ਵਿਕਾਸ ਪ੍ਰਤੀ ਗਰੁੱਪ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਵਿਸ਼ਵ-ਦਰਜੇ ਦੀਆਂ ਯੂਨਿਟਾਂ ਇਲਾਕੇ ਵਿਚ ਰੋਜ਼ਗਾਰ ਦੇ ਮੌਕੇ ਪੈਦਾ ਕਰਨ, ਭਾਈਚਾਰੇ ਨਾਲ ਜੁੜਾਅ ਅਤੇ ਬੁਨਿਯਾਦੀ ਢਾਂਚੇ ਦੇ ਵਿਕਾਸ ਰਾਹੀਂ ਆਰਥਿਕ ਤਰੱਕੀ ਨੂੰ ਖੂਬ ਉਤਸ਼ਾਹਿਤ ਕਰ ਰਹੀਆਂ ਹਨ।

ਸ਼੍ਰੀ ਗੁਪਤਾ, ਜਿਨ੍ਹਾਂ ਦੀ ਅਗਵਾਈ ਹੇਠ ਟਰਾਈਡੈਂਟ ਗਰੁੱਪ ਨੇ ਇੱਕ ਗਲੋਬਲ ਕੰਪਨੀ ਦਾ ਰੂਪ ਧਾਰ ਲਿਆ ਹੈ, ਨੇ ਮੱਧ ਪ੍ਰਦੇਸ਼ ਨਾਲ ਗਰੁੱਪ ਦੇ ਮਜ਼ਬੂਤ ਸੰਬੰਧਾਂ ਨੂੰ ਦੁਹਰਾਇਆ। ਇਹ ਮੁਲਾਕਾਤ ਟਰਾਈਡੈਂਟ ਗਰੁੱਪ ਅਤੇ ਮੱਧ ਪ੍ਰਦੇਸ਼ ਸਰਕਾਰ ਵੱਲੋਂ ਇਕ ਉੱਨਤੀਸ਼ੀਲ, ਉਦਯੋਗ-ਅਨੁਕੂਲ ਵਾਤਾਵਰਨ ਤਿਆਰ ਕਰਨ ਲਈ ਸਾਂਝੀ ਵਚਨਬੱਧਤਾ ਨੂੰ ਹੋਰ ਵਧਾਉਂਦੀ ਹੈ, ਜੋ ਨਵੀਨਤਾ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਵਿਕਾਸ ਨੂੰ ਉਤਸ਼ਾਹਿਤ ਕਰੇਗੀ।

# ਮਾਲਵਾ ਸਕੂਲ ਨੇ ਏਐਸਆਈਐਸਸੀ ਜ਼ੋਨਲ ਫੁੱਟਬਾਲ ਟੂਰਨਾਮੈਂਟ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ




**ਗਿੱਦੜਬਾਹਾ, 8 ਜੁਲਾਈ (ਕੁਲਭੂਸ਼ਨ ਗਰਗ)** – ਬੀਬੀ ਸੁਰਿੰਦਰ ਕੌਰ ਬਾਦਲ ਮਾਲਵਾ ਸਕੂਲ, ਗਿੱਦੜਬਾਹਾ ਨੇ ਏਐਸਆਈਐਸਸੀ ਜ਼ੋਨਲ ਫੁੱਟਬਾਲ ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਖੇਤਰ ਦੇ ਪ੍ਰਮੁੱਖ ਸਕੂਲਾਂ ਦੀਆਂ 15 ਟੀਮਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਦੌਰਾਨ ਅੰਡਰ-14, ਅੰਡਰ-17, ਅਤੇ ਅੰਡਰ-19 ਲੜਕਿਆਂ ਅਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਅੰਡਰ-14 ਲੜਕੇ ਵਿੱਚ ਬੀਐਸਕੇਬੀ ਮਾਲਵਾ ਸਕੂਲ ਨੇ ਪਹਿਲਾ, ਲਿਟਲ ਫਲਾਵਰ ਕਾਨਵੈਂਟ ਸਕੂਲ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੇ ਵਿੱਚ ਬੀਐਸਕੇਬੀ ਮਾਲਵਾ ਸਕੂਲ ਗਿੱਦੜਬਾਹਾ ਨੇ ਪਹਿਲਾ ਸਥਾਨ, ਸੈਕਰਡ ਹਾਰਟ ਕਾਨਵੈਂਟ ਸਕੂਲ ਮਲੋਟ ਨੇ ਦੂਜਾ ਸਥਾਨ ਹਾਸਲ ਕੀਤਾ ਜਦੋਕਿ ਅੰਡਰ-19 ਲੜਕੇ ਵਿੱਚ ਬੀਐਸਕੇਬੀ ਮਾਲਵਾ ਸਕੂਲ ਗਿੱਦੜਬਾਹਾ ਨੇ ਚੈਂਪੀਅਨਸ਼ਿਪ ਜਿੱਤੀ, ਜਦੋਂ ਕਿ ਸੰਤ ਬਾਬਾ ਗੁਰਮੁਖ ਸਿੰਘ ਸਕੂਲ ਮੁਕਤਸਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕੀਆਂ ਦੇ ਵਰਗ ਬੀਐਸਕੇਬੀ ਮਾਲਵਾ ਸਕੂਲ ਗਿੱਦੜਬਾਹਾ ਨੇ ਅੰਡਰ-14, ਅੰਡਰ-17 ਅਤੇ ਅੰਡਰ-19 ਵਿੱਚ ਚੈਂਪੀਅਨਸ਼ਿਪ ਜਿੱਤ ਕੇ ਲੜਕੀਆਂ ਦੇ ਵਰਗਾਂ ਵਿੱਚ ਦਬਦਬਾ ਬਣਾਇਆ। ਸਕੂਲ ਦੇ ਪ੍ਰਿੰ. ਕਰਨਲ ਸੁਧਾਂਸ਼ੂ ਆਰੀਆ ਅਤੇ ਵਾਈਸ ਪ੍ਰਿੰਸੀਪਲ ਜਸਬੀਰ ਸਿੰਘ ਬਰਾੜ ਨੇ ਜੇਤੂ ਟੀਮਾਂ ਤੇ ਕੋਚਾਂ ਨੂੰ ਵਧਾਈ ਦਿੰਦਿਆਂ ਭਵਿੱਖ ਲਈ ਸੁਭਕਾਮਨਾਵਾਂ ਦਿੱਤੀਆਂ।

# ਸੁਤੰਤਰਤਾ ਦਿਵਸ ਦੇ ਸਮਾਗਮ ਮੌਕੇ ਬਹਾਦਰੀ ਅਤੇ ਵਿਲੱਖਣ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕਰਨ ਲਈ ਅਰਜ਼ੀਆਂ ਦੀ ਮੰਗ

**ਮਾਲੇਰਕੋਟਲਾ 8 ਜੁਲਾਈ (ਰਾਜੇਸ਼ ਸ਼ਰਮਾ)** ਡਿਪਟੀ ਕਮਿਸ਼ਨਰ ਵੀਰਾਜ ਐਸ.ਤਿੜਕੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 15 ਅਗਸਤ 2025 ਨੂੰ ਸੁਤੰਤਰਤਾ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਵਿੱਚ ਵਿਸ਼ੇਸ਼ ਖੇਤਰਾਂ ਵਿੱਚ ਉਪਲਬਧੀਆਂ ਕਰਨ ਵਾਲੇ ਅਤੇ ਬਹਾਦਰੀ ਦਿਖਾਉਣ ਵਾਲਿਆਂ ਨੂੰ ਹਰ ਸਾਲ ਦੀ ਤਰ੍ਹਾਂ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਣਾ ਹੈ। ਇਸ ਸਬੰਧੀ ਰਾਜ ਸਰਕਾਰ



ਵੱਲੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਉਹ ਵਿਅਕਤੀ ਜਿਨ੍ਹਾਂ ਨੇ ਕਿਸੇ ਵਿਸ਼ੇਸ਼ ਖੇਤਰ ਵਿੱਚ ਉਪਲਭਧੀਆਂ ਕੀਤੀਆਂ ਜਾ ਬਹਾਦਰੀ ਦਿਖਾਈ ਹੋਵੇ ਉਹ ਆਪਣੀਆਂ ਅਰਜ਼ੀਆਂ 15 ਜੁਲਾਈ 2025 ਤੱਕ ਦਫ਼ਤਰ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਦੀ (ਐਮ.ਏ.ਸ਼ਾਖਾ ਕਮਰਾ ਨੰਬਰ 04) ਵਿਖੇ ਜਮਾ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਵੀਰਾਜ ਐਸ.ਤਿੜਕੇ ਨੇ ਦੱਸਿਆਂ ਕਿ ਇਸ ਵਿੱਚ ਅੱਤਵਾਦੀਆਂ, ਦਹਿਸਤਗਰਦਾਂ ਜਾਂ ਹੋਰ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿਰੁੱਧ ਜਾਂ ਕਿਸੇ ਕੰਮ ਵਿੱਚ ਵਿਖਾਈ ਵਿਸ਼ੇਸ਼ ਬਹਾਦਰੀ ਵਾਲੇ ਵਿਅਕਤੀ ਅਰਜ਼ੀਆਂ ਦੇ ਸਕਦੇ ਹਨ। ਇਸ ਤੋਂ ਇਲਾਵਾ ਸਮਾਜ ਸੇਵਾ,ਕਲਾ ,ਪ੍ਰਸਿੱਧ ਕਲਾ ਅਤੇ ਸਾਹਿਤ, ਵਿਗਿਆਨ ਅਤੇ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤੇ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ ਪ੍ਰਦਾਨ ਕਰਨ ਵਾਲੇ ਵਿਅਕਤੀ ਵੀ ਆਪਣੀ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਸ਼ਖ਼ਸੀਅਤਾਂ ਨੂੰ ਰਾਜ ਸਰਕਾਰ ਵੱਲੋਂ ਪਹਿਲਾਂ ਹੀ ਪੰਜਾਬ ਸਰਕਾਰ ਪ੍ਰਮਾਣ ਪੱਤਰ ਦਿੱਤਾ ਜਾ ਚੁੱਕਾ ਹੈ, ਉਨ੍ਹਾਂ ਦੀ ਸਿਫ਼ਾਰਸ਼ ਨੂੰ ਵਿਚਾਰਿਆ ਨਹੀਂ ਜਾਵੇਗਾ।

# ਸੰਤ ਬਾਬਾ ਗੁਰਮੁੱਖ ਸਿੰਘ ਇੰਟਰਨੈਸ਼ਨਲ ਸਕੂਲ, ਸ਼੍ਰੀ ਮੁਕਤਸਰ ਸਾਹਿਬ, ਐਨਸੀਸੀ ਕੈਡਿਟਸ ਨੇ ਐਨ.ਸੀ.ਸੀ ਸਰਟੀਫਿਕੇਟ ਵਿਤਰਨ ਸਮਾਰੋਹ 'ਚ ਪ੍ਰਾਪਤ ਕੀਤੇ ਏ ਸਰਟੀਫਿਕੇਟ




**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਮਾਲਵਾ ਬਾਣੀ)** 6 ਬਟਾਲੀਅਨ ਪੰਜਾਬ ਐਨ.ਸੀ.ਸੀ ਦੇ ਇਤਿਹਾਸਕ ਸਰਟੀਫਿਕੇਟ ਵਿਤਰਨ ਸਮਾਰੋਹ ਵਿੱਚ ਸੰਤ ਬਾਬਾ ਗੁਰਮੁੱਖ ਸਿੰਘ ਇੰਟਰਨੈਸ਼ਨਲ ਸਕੂਲ, ਸ਼੍ਰੀ ਮੁਕਤਸਰ ਸਾਹਿਬ ਦੇ ਐਨ.ਸੀ.ਸੀ ਦੇ ਕੈਡਿਟਸ ਨੇ ਏ ਸਰਟੀਫਿਕੇਟ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਦੇ ਚੇਅਰਮੈਨ ਬਾਬਾ ਜਸਵਿੰਦਰ ਸਿੰਘ , ਮੈਨੇਜਿੰਗ ਡਾਇਰੈਕਟਰ ਮੈਡਮ ਸੁਖਰਾਜ ਕੌਰ, ਕਾਰਜਕਾਰੀ ਡਾਇਰੈਕਟਰ ਸ੍ਰ ਸੁਖਦੇਵ ਸਿੰਘ, ਪ੍ਰਿੰਸੀਪਲ ਜਯੋਤੀ ਗੁੰਬਰ ਵਲੋਂ ਸਕੂਲ ਦੇ ਐਨ.ਸੀ.ਸੀ ਕੈਡਿਟਸ ਨੂੰ ਇਹ ਸਰਟੀਫਿਕੇਟ ਪ੍ਰਾਪਤ ਕਰਨ ਤੇ ਵਧਾਈ ਦਿੱਤੀ ਤੇ ਨਾਲ ਹੀ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਸੀਟੀਓ ਰਜਨੀ ਖਾਨ ਨੂੰ ਵੀ ਵਧਾਈ ਦਿੱਤੀ। ਇਸ ਸਮਾਰੋਹ ਦਾ ਆਯੋਜਨ ਕਮਾਂਡਿੰਗ ਅਫਸਰ ਕਰਨਲ ਰਣਬੀਰ ਸਿੰਘ ਐੱਸ.ਐੱਮ ਅਤੇ ਸੂਬੇਦਾਰ ਮੇਜਰ ਯੋਗੇਸ਼ ਯਾਦਵ ਦੇ ਕੁਸ਼ਲ ਦੇਖ-ਰੇਖ ਹੇਠ ਹੋਇਆ। ਸਮਾਰੋਹ ਵਿੱਚ 25 ਸਕੂਲਾਂ ਅਤੇ 6 ਕਾਲਜਾਂ ਦੇ 615 ਕੈਡਿਟਸ , 12 ਏ.ਐੱਨ.ਓ (Associate NCC Officers) ਅਤੇ 25 ਸੀ.ਟੀ.ਓ (Care Taker Officer) ਨੇ ਭਾਗ ਲਿਆ। ਇਹ ਸਮਾਰੋਹ ਕੇਵਲ ਕੈਡਿਟਸ ਲਈ ਪ੍ਰੇਰਨਾ ਦਾ ਸਰੋਤ ਨਹੀਂ ਸੀ,ਸਗੋਂ ਇਸ ਨੇ ਐਨ.ਸੀ.ਸੀ ਦੀ ਉੱਚ ਮਰਿਆਦਾ ਅਤੇ ਲੀਡਰਸ਼ਿਪ ਸਮਰਥਾ ਨੂੰ ਵੀ ਉਜਾਗਰ ਕੀਤਾ।

# ਸਕੂਲੀ ਇਲੈੱਕਟ੍ਰਿਕ ਘੰਟੀ ਤੇ ਬੱਚੇ ਦੀ ਬੋਤਲਾਂ ਤੱਕ ਬਦਲਦੇ ਦੌਰ (ਮਿੰਨੀ ਕਹਾਣੀ)

ਦੋਸਤੋ ਕੋਈ ਸਮਾਂ ਹੁੰਦਾ ਸੀ ਜਦੋਂ ਗੁੱਟ ਤੇ ਘੜੀ ਬੰਨੀਂ ਹੋਵੇ ਜਾਂ ਨਾ ਬੰਨ੍ਹੀ ਹੋਵੇ ਉਦੋਂ ਕੇਵਲ ਸਕੂਲ ਦੇ ਗੇਟ ਤੇ ਬੈਠੇ ਚਪੜਾਸੀ ਦੁਆਰਾ ਮਾਰੀ ਜਾਂਦੀ ਲੋਹੇ ਦੇ ਸਰੀਏ ਵਾਲੇ ਡੰਡੇ ਨਾਲ ਕੰਧ ਤੇ ਲੋਹੇ ਦੀ ਤਾਰ ਨਾਲ ਲੰਮਕਾਏ ਲੋਹੇ ਦੇ ਜੰਗਾਲੇ ਗਾਡਰ ਵਾਲੇ ਛੋਟੇ ਪੀਸ ਨੂੰ ਖੜਕਾ ਕੇ ਪਤਾ ਲੱਗਣਾਂ ਕਿ ਸਮਾਂ ਏਨਾਂ ਹੋ ਗਿਆ ਤੇ ਹੁਣ ਪਹਿਲਾ ਪੀਰੀਅਡ ਲੱਗ ਗਿਆ। ਜੇਕਰ ਏਹੋ ਟੱਲ ਖੜਕਣ ਦੀ ਆਵਾਜ਼ ਤਿੰਨ ਚਾਰ ਵਾਰ ਲਗਾਤਾਰ ਆਉਂਣੀ ਤਾਂ ਪਤਾ ਲੱਗ ਜਾਂਦਾ ਸੀ ਏਨੇ ਕੁ ਵੱਜ ਗਏ ਹਨ ਏਨਾ ਪੀਰੀਅਡ ਚੱਲ ਰਿਹਾ ਤੇ ਹੁਣ ਸਕੂਲ ਲੱਗ ਗਿਆ ਹੈ। ਟੱਲ ਵੱਲ ਧਿਆਨ ਜ਼ਿਆਦਾ ਹੁੰਦਾ ਸੀ ਕਿ ਕਿੰਨੀਂ ਵਾਰ ਵੱਜਣਾ ਏਂ ਪ੍ਰਤੀਕ ਵੀ ਸੀ ਹੁਣ ਕਿੰਨਵਾਂ ਪੀਰੀਅਡ ਚੱਲ ਰਿਹਾ ਹੈ। ਕਈ ਵਾਰ ਏਹੋ ਲੋਹੇ ਦੇ ਗਾਡਰ ਵਾਲਾ ਟੱਲ ਛੁੱਟੀ ਤੋਂ ਪੰਦਰਾਂ ਵੀਹ ਮਿੰਟ ਪਹਿਲਾਂ ਕਿਸੇ ਬੱਚੇ ਨੇਂ ਚਲਾਕੀ ਨਾਲ ਵੀ ਮਾਰ ਦੇਣਾ ਤਾਂ ਸਭ ਕਾਹਲੀ ਨਾਲ ਆਪੋਂ ਆਪਣੇ ਝੋਲੇ ਬਸਤੇ ਫੜਕੇ ਮਾਸਟਰ ਦੇ ਕਲਾਸ ਚੋਂ ਬਾਹਰ ਆਉਣ ਤੋਂ ਪਹਿਲਾਂ ਹੀ ਨਿਕਲ ਜਾਣਾ ਜਿਵੇਂ ਜੇਲ੍ਹ ਚੋਂ ਸਜ਼ਾ ਮੁੱਕੀ ਹੋਵੇ। ਏਸ ਸ਼ਰਾਰਤ ਤੇ ਮਾਸਟਰ ਏਥੋਂ ਤੱਕ ਕਹਿੰਦੇ ਸੁਣਨੇ ਕਿ ਪਤਾ ਕਰੋਂ ਕੌਂਣ ਵਜ਼ਾ ਗਿਆ ਸਮੇਂ ਤੋਂ ਪਹਿਲਾਂ ਟੱਲ। ਖ਼ੈਰ ਉਸ ਸਮੇਂ ਜਿਥੇ ਬੱਚੇ ਸ਼ਰਾਰਤੀ ਸਨ ਉਥੇ ਦਲੇਰ ਸੁਭਾਅ ਦੇ ਤੇ ਬੇਹੱਦ ਲਾਇਕ ਬਿਰਤੀ ਦੇ ਸਨ।

ਖ਼ੈਰ ਜਿਥੇ ਸਮੇਂ ਦੇ ਨਾਲ ਵੱਜਣ ਵਾਲੇ ਲੋਹੇ ਦੇ ਟੱਲ ਤੋਂ ਬਦਲ ਕੇ ਬਿਜਲੀ ਵਾਲੀ ਇਲੈਕਟਰਾਨਿਕ ਘੰਟੀ/ਬੈੱਲ ਆ ਗਈ ਹੈ, ਜਿਸ ਤਰ੍ਹਾਂ ਸਾਡੇ ਘਰਾਂ ਵਿੱਚ ਲੱਗੀਆਂ ਹਨ। ਬੱਸ ਏਥੇ ਸਾਇਜ ਵੱਡਾ ਕੀਤਾ ਗਿਆ ਹੈ ਜਿਵੇਂ ਫੋਟੋ ਚ ਦਿਖਾਇਆ ਹੈ। ਜਿਥੇ ਮੋਡਰਨ ਯੁੱਗ ਵਿੱਚ ਪੁਰਾਣਾ ਗਾਡਰ ਵਾਲਾ ਟੱਲ ਖਤਮ ਹੋਇਆ, ਉਥੇ ਉਸ ਸਮੇਂ ਦੇ ਪੀਅਨ ਦੀ ਵਰਦੀ ਵੀ ਖ਼ਾਕੀ ਰੰਗ ਦੀ ਹੁੰਦੀ ਸੀ ਜੋ ਅੱਜ ਉਹ ਵੀ ਤਕਰੀਬਨ ਖ਼ਤਮ ਹੋ ਗਈ ਜਾਂ ਪਾਉਣੀ ਬੁਰੀ ਸਮਝੀਂ ਜਾਂਦੀ ਹੈ।

ਦੋਸਤੋ ਉਹ ਪੀਅਨ ਖ਼ਾਕੀ ਵਰਦੀ ਵਾਲੇ ਨਾਲ ਸਵੇਰੇ ਗੇਟ ਤੇ ਅੰਦਰ ਸਕੂਲ ਤੋਂ ਵੜਦਿਆਂ ਹੀ ਮਾਖੋਲੀ ਰੂਪ ਚ ਅੰਕਲ ਜੀ ਕਹਿ ਕੇ ਹੈਲੋ ਹਾਏ ਸੱਤ ਸ਼੍ਰੀ ਆਕਾਲ ਨਾਲ ਸਕੂਲ ਦੇ ਦਿਨ ਦੀ ਸ਼ੁਰੂਆਤ ਹੁੰਦੀ ਸੀ। ਬੇਸ਼ੱਕ ਏਂ ਅਹੁਦਾ ਪੜਾਉਣ ਵਾਲਾ ਨਹੀਂ ਸੀ ਪਰ ਵਧੇਰੇ ਪਿਆਰ ਤੇ ਤੱਫਰੀ ਖੇਡ ਵਿਅੰਗ ਤੇ ਯਰਾਨਿਆਂ ਵਾਲਾ ਜਰੂਰ ਸੀ ਕਿਉਂਕਿ ਉਹ ਅੰਕਲ ਸਾਨੂੰ ਬੱਚੇ ਸਮਝ ਕੇ ਗੁੱਸਾ ਜਾਂ ਮਾੜਾ ਕਹਿੰਦੇ ਨਹੀ ਸਨ ਤੇ ਆਪਾਂ ਉਹਨਾਂ ਨੂੰ ਆਪਣਾਂ ਸਕੂਲ ਵਿੱਚ ਯਾਰ ਕਹਿੰਦੇ ਸਾਂ, ਭਾਵੇਂ ਉਹ ਸਾਡੇ ਪਿਉਂ ਦੀ ਉਮਰ ਦੇ ਹੀ ਸਨ।

ਦੋਸਤੋ ਜਿਥੇ ਸਕੂਲਾਂ ਦੀਆਂ ਘੰਟੀਆਂ ਤੇ ਦੋਸਤਾਨਾ ਸੁਭਾਆਂ ਤੇ ਤਫਰੀ ਵਾਲੇ ਪਲਾਂ ਚ ਤਬਦੀਲੀ ਆਈਂ, ਉਥੇ ਏਸੇ ਸਮੇਂ ਚ ਬੱਚਿਆਂ ਦੇ ਦੋੜ ਭੱਜ ਦੇ ਤੌਰ ਤਰੀਕਿਆਂ ਚ ਵੀ ਤਬਦੀਲੀ ਆਈਂ। ਜਿਥੇ ਜੇਕਰ ਨੁਕਸਾਨ ਦੀ ਗੱਲ ਕਰੀਏ ਤਾਂ ਮਾਨਸਿਕ ਤੇ ਸਰੀਰਕ ਵਿਕਾਸ ਚ ਕਮੀਂ ਆਉਂਣੀ ਸੁਭਾਵਿਕ ਹੈ ਜਿਵੇਂ ਪਹਿਲਾਂ ਦੋ ਚਾਰ ਵਿਦਿਆਰਥੀਆਂ ਦੇ ਟੋਲਿਆਂ ਨੇਂ ਇਕੱਠੇ ਜਮਾਤ ਚੋਂ ਬਾਹਰ ਜਾਣ ਲਈ ਪਾਣੀ ਪੀਣ ਦੇ ਬਹਾਨੇ ਬਾਹਰ ਦੌੜਦੇ ਸਕੀਮਾਂ ਲਗਾਉਂਦੇ ਜਾਣਾ ਕਿ ਆਪਾਂ ਇਕੱਠੇ ਨਿਕਲ ਆਏਂ ਤੇ ਅਗਾਂਹ ਤੋਂ ਵੀ ਕਿੱਦਾਂ ਇਕੱਠੇ ਕਲਾਸ ਚੋਂ ਨਿਕਲਣਾ, ਅੱਖਾਂ ਦੇ ਇਸ਼ਾਰਿਆਂ ਨਾਲ ਸਭ



ਸਕੀਮਾਂ ਬਣਨੀਆਂ ਤੇ ਲੱਗਣੀਆਂ। ਉਥੇ ਸਕੀਮਾਂ ਤੇ ਜੁਗਤਾਂ ਨਾਲ ਭੱਜ ਦੌੜ ਕਰਨ ਕਰਕੇ ਮਾਨਸਿਕ ਤੇ ਸਰੀਰਕ ਵਿਕਾਸ ਹੁੰਦਾ ਸੀ, ਜ਼ੋ ਅੱਜ ਪਾਣੀ ਦੀ ਬੋਤਲ ਨਾਲ ਲਿਆਉਣ ਨਾਲ ਜੁਗਤਾਂ ਵੀ ਖ਼ਤਮ ਤੇ ਨਲਕੇ ਟੂਟੀਆਂ ਵੱਲ ਦੋੜਦੇ ਜਾਣਾਂ ਲੱਤਾਂ ਪੱਟਾਂ, ਤੇ ਰੋਟੀ ਪਾਣੀ ਪਚਾਉਣ ਦੀਆਂ ਕਸਰਤਾਂ ਵੀ ਤਕਰੀਬਨ ਖ਼ਤਮ ਨੇਂ। ਹਾਂ ਜਿਥੇ ਸਮਾਂ ਜ਼ਰੂਰ ਬਚਿਆ ਪਰ ਨੁਕਸਾਨ ਦੇ ਨਾਲ ਆਪਸੀ ਸਾਂਝ ਵੀ ਘਟੀ ਕਿਉਂਕਿ ਘਰ ਤੱਕ ਸਾਈਕਲ ਜਾਂ ਤੁਰ ਕੇ ਜਾਂਦਿਆਂ ਏਹੀ ਗੱਲਾਂ ਹੁੰਦੀਆਂ ਸਨ ਪੜ੍ਹਾਈ ਦੀ ਨਹੀਂ। ਹੁਣ ਤਾਂ ਏਸੀ ਵਾਲੇ ਆਟੋ ਆ ਗਏ ਜਿਥੇ ਸਾਇਕਲਾਂ ਵਾਲੇ ਪਸੀਨੇ ਹੀ ਸੁੱਕੇ ਹਨ।

ਦੋਸਤੋ ਏਥੇ ਇੱਕ ਖੇਡ ਏਂ ਵੀ ਚੱਲਦੀ ਸੀ ਕਿ ਕਈ ਵਾਰ ਤਾਂ ਨਲਕੇ ਤੇ ਪਾਣੀ ਪੀਣ ਲਈ ਲੱਗੀ ਭੀੜ ਦੇਖਕੇ ਸ਼ਰਾਰਤ ਵੀ ਜ਼ਰੂਰ ਆਉਂਦੀ। ਉਥੇ ਖੁਰੇ ਤੇ ਕੀ ਕਰਦੇ ਕਿ ਵਾਰੀਂ ਆਉਣ ਤੇ ਨਲਕੇ ਦੀ ਪਾਇਪ ਤੇ ਹੱਥ ਨਾਲ ਘੁੱਟ ਕੇ ਪਾਣੀ ਰੋਕ ਲੈਣਾਂ ਤੇ ਜ਼ੋਰ ਜ਼ੋਰ ਨਾਲ ਹੱਥੀਂ ਮਾਰ ਕੇ ਪਰੈਸ਼ਰ ਜ਼ਿਆਦਾ ਬਣਾ ਲੈਂਦੇ ਤੇ ਮੁੜ ਉਹ ਪਾਣੀ ਸਿਰ ਤੋਂ ਬੋਕੀ ਰਾਹੀਂ ਬਾਹਰ ਜ਼ਿਆਦਾ ਪਰੈਸ਼ਰ ਨਾਲ ਨਿਕਲ ਕੇ ਸਭਨਾਂ ਤੇ ਡਿਗਣਾ ਆਪ ਵੀ ਨੱਸੇ ਪੈ ਜਾਣਾ ਤੇ ਨਾਲਦੇ ਵੀ ਭੱਜ ਉਠਣੇ ਜਿਨ੍ਹਾਂ ਨੂੰ ਪਤਾ ਹੁੰਦਾ। ਜਿਹੜੇ ਪਿਛੇ ਹੁੰਦੇ ਅਗਲਿਆਂ ਦੇ ਭੱਜਣ ਨਾਲ ਪਿਛਲਿਆਂ ਦੀ ਪਾਣੀ ਪੀਣ ਦੀ ਵਾਰੀ ਜਲਦੀ ਆ ਜਾਂਦੀ ਸੀ। ਏਦਾਂ ਬਿਨਾਂ ਲੜਾਈ ਦੇ ਸ਼ਰਾਰਤ ਸਾਰੇ ਕਰਦੇ ਸਨ। ਕੱਪੜੇ ਭਿਉਣ ਦੀ ਹਾਂ ਸ਼ਿਕਾਇਤ ਲਗਾਉਣ ਦਾ ਮੈਡਮਾਂ ਭੈਣਜੀਆਂ ਨੂੰ ਚੱਲਦਾ ਸੀ ਤੇ ਉਹ ਵੀ ਝਿੜਕਾਂ ਨਾਲ ਛੱਡ ਦਿੰਦੀਆਂ ਸਨ।

ਦੋਸਤੋ ਜਿਥੇ ਆਪਾਂ ਗਾਡਰ ਵਾਲੇ ਟੱਲ ਤੋਂ ਇਲੈਕਟਰਾਨਿਕ ਘੰਟੀ/ਬੈੱਲ ਦੀ ਗੱਲ ਕੀਤੀ, ਨਲਕੇ ਟੂਟੀਆਂ ਤੋਂ ਅੱਗੇ ਚੱਲ ਕੇ ਬੈਗ ਚ ਘਰਾਂ ਤੋਂ ਭਰ ਕੇ ਲਿਆਂਦੀਆਂ ਪਲਾਸਟਿਕ ਬੋਤਲਾਂ ਦੀ ਵੀ ਗੱਲ ਕਰ ਲਈ। ਏਥੇ ਇੱਕ ਮਜ਼ੇਦਾਰ ਮਜ਼ਾਕ ਵਾਲੀ ਗੱਲ ਏਂ ਰਹਿ ਗਈ ਕਿ ਕਲਾਸ ਵਿੱਚ ਲੱਗੀ ਘੜੀ ਜਰੂਰ ਪੀਰੀਅਡ ਬਦਲਣ ਨਾਲ ਦੱਸ ਬਾਰਾਂ ਮਿੰਟ ਅੱਗੇ ਕਰ ਦਿੰਦੇ ਸੀ ਤੇ ਕਦੇ ਪਿਛੇ, ਕਿਉਂਕਿ ਇਕ ਦੋ ਬੱਚਿਆਂ ਨੂੰ ਛੱਡ ਕੇ ਬਹੁਤੇ ਘੜੀਆਂ ਵੀ ਨਹੀਂ ਬੰਨਦੇ ਸਨ ਤੇ ਏਥੋਂ ਤੱਕ ਕਿ ਕਈ ਅਧਿਆਪਕ ਵੀ ਉਸੇ ਘੜੀ ਦੇ ਟਾਈਮ ਦੇਖ ਜ਼ਲਦ ਮੁੜ ਜਾਣਾ ਤੇ ਮੁੜ ਇਕ ਦੂਜੇ ਨੂੰ ਚੁੱਪ ਰਹਿਣ ਲਈ ਕਹਿਣਾ ਤੇ ਸਭ ਰਲ ਮਿਲ ਵੀ ਇੱਕ ਦੂਜੇ ਨਾਲ ਪੱਕੇ ਤੌਰ ਤੇ ਖੜ ਜਾਂਦੇ ਸਨ, ਤੇ ਚੋਰੀ ਫੜੀ ਵੀ ਜ਼ਿਆਦਾਤਾਰ ਨਹੀਂ ਜਾਂਦੀ ਸੀ। ਉਥੇ ਅੱਜ ਦੇ ਸਮੇਂ ਚ ਹੁਣ ਛੱਤ ਦੀਆਂ ਘੜੀਆਂ ਖਤਮ ਹੋਂਣ ਨਾਲ ਇਕੱਲੇ ਇਕੱਲੇ ਬੱਚੇ ਦੇ ਗੁੱਟ ਤੇ ਛੋਟੀ ਡਿਜੀਟਲ ਘੜੀ ਆ ਗਈਆਂ। ਉਥੇ ਮਾਸਟਰ ਵੀ ਆਪਣੇ ਮੋਬਾਈਲ ਤੋਂ ਟਾਈਮ ਦੇਖਣਾ ਜ਼ਿਆਦਾ ਪਸੰਦ ਕਰਨ ਲੱਗੇ। ਹੁਣ ਸ਼ਰਾਰਤ ਤੋਂ ਦੂਰ ਜਿਥੇ ਕਲਾਸ ਵਿੱਚ ਪੂਰਾ ਟਾਈਮ ਵੀ ਲੱਗਦਾ ਹੈ ਨਾਲ ਹੀ ਏਧਰ ਓਧਰ ਘੁੰਮ ਕੇ ਟਾਈਮ ਕੱਢਣ ਦਾ ਸਬੱਬ ਉਹ ਵੀ ਖ਼ਤਮ ਹੋਇਆ ਤੇ ਸ਼ੁਰੂ ਹੋਇਆ ਲੇਟ ਆਉਣ ਦਾ ਹਰਜਾਨਾ।

ਉਥੇ ਦੂਜੇ ਪਾਸੇ ਜੇਕਰ ਥੋੜਾ ਜਿਹਾ ਅਧਿਆਪਕ ਵਰਗ ਨੂੰ ਛੂਹਈਏ ਤਾਂ ਮੋਬਾਈਲ ਨਾ ਹੋਂਣ ਸਮੇਂ ਮਾਸਟਰ ਵੀ ਕਵਿਤਾ ਗਾਣੇ ਕਹਾਣੀ ਜਾਂ ਆਪੋਂ ਆਪਣੇ ਰੁਝਾਨ ਮੁਤਾਬਿਕ ਹਰੇਕ ਬੱਚੇ ਨੂੰ ਸੁਣਨ ਤੇ ਸੁਣਾਉਣ ਗਾਉਣ ਬੋਲਣ ਦਾ ਮੋਕਾ ਦਿੰਦੇ ਸਨ। ਜਿਸ ਨਾਲ ਮਾਸਟਰ ਤੇ ਬੱਚੇ ਨਾਲ ਦੋਸਤਾਨਾ ਸੁਭਾਆਂ ਦਾ ਮਿਲਾਪ ਤੇ ਇਕ ਦੂਜੇ ਨੂੰ ਸਮਝਣ ਦਾ ਉਪਰਾਲਾ ਸੀ। ਕਈ ਬੱਚੇ ਤਾਂ ਆਪਣਾਂ ਕੁਦਰਤੀ ਹੁਨਰ ਤੱਕ ਤਰਾਸ਼ ਜਾਂਦੇ ਸਨ। ਜੋਂ ਅੱਜ ਦੇ ਮੋਬਾਈਲ ਯੁੱਗ ਵਿੱਚ ਆਨਲਾਈਨ ਕਲਾਸਾਂ, ਬੱਚਿਆਂ ਦੇ ਸਲੇਬਸ ਗਰੁੱਪ ਦੇ ਮੈਸੇਜ ਜ਼ਿਆਦਾ ਕੰਮ ਨਾਲੋਂ ਫਜ਼ੂਲ ਬੋਝ ਤੇ ਬੱਚੇ ਨਾਲੋਂ ਬਸਤੇ ਦਾ ਵੱਧ ਭਾਰ ਅਤੇ ਸਕੂਲ ਵਿੱਚ ਪੈਂਦੀ ਝੱਟ ਪ੍ਰਿੰਸੀਪਲ ਨੂੰ ਡਾਕ ਵੱਟਸਐਪ ਨਾਲ ਤਾਂ ਵਧੇਰੇ ਅਧਿਆਪਕ ਤਾਂ ਡਾਕ ਦੇ ਜੁਆਬ ਦੇਣ ਚ ਸਮਾਂ ਲੰਘ ਜਾਂਦਾ ਅਤੇ ਕੁਝ ਡਾਕ ਵਿਚਲੀਆਂ ਆਈਆਂ ਐਕਟੀਵਿਟੀ ਕਰਾਉਣ ਚ। ਹਾਂ ਉਸ ਸਮੇਂ ਇੱਕ ਗੱਲ ਹੋਰ ਨਾਲ ਕੋੜੀ ਜੁੜਦੀ ਸੀ, ਉਹ ਸੀ ਬੈਂਤ ਦੇ ਡੰਡੇ ਨਾਲ ਹੁੰਦੀ ਸਕੂਲੀ ਪੜ੍ਹਾਈ। ਸੱਚੀਂ ਉਸ ਸਮੇਂ ਬਹੁਤਾ ਤਾਂ ਬੱਚਾ ਹੁਸ਼ਿਆਰ ਤੇ ਸਮੇਂ ਦਾ ਪਾਬੰਦ ਉਹ ਬੈਂਤ ਦਾ ਡੰਡਾ ਦੇਖ ਅਤੇ ਉਸ ਮਾਸਟਰ ਦੀ ਆਪਣੀ ਸਿਹਤ ਪਰਸਨੈਲਿਟੀ ਨਾਲ ਹੀ ਬੰਦਾ ਬਣ ਕੇ ਤਿਆਰ ਹੋ ਜਾਂਦਾ ਸੀ। ਖ਼ੈਰ ਉਸ ਸਮੇਂ ਵਰਤੀ ਸਖ਼ਤੀ ਬੰਦੇ ਨੂੰ ਸਮੇਂ ਨਾਲ ਚੰਗੇ ਅਹੁਦਿਆਂ ਤੇ ਜਰੂਰ ਬਿਰਾਜਮਾਨ ਕਰ ਜਾਂਦੀ ਸੀ ਜ਼ੋ ਅੱਜ ਸ਼ਾਇਦ ਬੈਂਤ ਦਾ ਡੰਡਾ ਤੇ ਮਾਸਟਰਾਂ ਦੇ ਦੇਸੀ ਘੁਸੰਨ ਦੋਨੋਂ ਗ਼ਾਇਬ ਹੋ ਗਏ। ਜਿਥੇ ਮੋਡਰਨ ਯੁੱਗ ਵਿੱਚ ਬੱਚੇ ਨੂੰ ਵੀ ਪਤਾ ਹੈ ਕਿ ਹੁਣ ਨਾ ਪੜ੍ਹਨ ਤੇ ਹੱਥ ਨਹੀਂ ਚੁੱਕਿਆ ਜਾਣਾ ਨਾ ਡੰਡਾ ਵੱਜਣਾ, ਅੱਜ ਕੁਝ ਕੁ ਤਾਂ ਬੱਚੇ ਘਰੇਲੂ ਨਸੀਹਤਾਂ ਨਾਲ ਸਮਝਦਾਰ ਹੋ ਗਏ ਬਾਕੀ ਬੈਂਤ ਵਾਲੇ ਉਹ ਪੱਕਾ ਵਿਗੜਨੋ ਨਹੀਂ ਬਚੇ।

ਜਿਨ੍ਹਾਂ ਕੁ ਬਦਲਾਅ ਸਾਨੂੰ ਪੰਜੀਵੀਂ ਸਦੀ ਚ ਦਿਸਿਆ ਉਹ ਬਿਆਨ ਏਨਾਂ ਸਤਰਾਂ ਚ ਹੋਇਆ। ਏਸ ਤੋਂ ਅੱਗੇ ਹੋਰ ਤੀਹਾਂ ਸਾਲਾਂ ਤੱਕ ਮੈਨੂੰ ਲੱਗਦਾ ਕਿ ਐਲ ਕੇ ਜੀ ਦੇ ਬੱਚੇ ਜ਼ਰੂਰ ਟੈਬਸ ਤੇ ਪੜਨਗੇ ਨਾਲ ਮੋਟੇ ਸ਼ੀਸ਼ੇ ਵਾਲੀ ਐਨਕ ਦਾ ਮੁਕਾਬਲਾ ਇਕ ਦੂਜੇ ਬੱਚੇ ਨਾਲ ਅੱਡ ਚਲੇਗਾ ਅਤੇ ਅਨਫਿਟ ਸ਼ਰੀਰਾਂ ਦਾ ਅੱਡ। ਜਿਥੇ ਮਾਤਾ ਪਿਤਾ ਸਖ਼ਤੀ ਵਰਤਾਉਣਗੇ ਉਹ ਬੱਚੇ ਜ਼ਰੂਰ ਅੱਜ ਦੀ ਸਦੀ ਚ ਕਾਮਯਾਬੀ ਤੇ ਤੰਦਰੁਸਤੀ ਹਾਸਲ ਕਰਨਗੇ।

ਦੋਸਤੋ ਏਸ ਮਿੰਨੀ ਕਹਾਣੀ ਚ ਛੋਟੀ ਵੱਡੀ ਉਮਰ ਵਾਲੇ ਦੋਸਤਾਂ ਦੀਆਂ ਬੇਅੰਤ ਯਾਦਾਂ ਜੁੜੀਆਂ ਹਨ, ਕਈਆਂ ਦੇ ਦਿਲਾਂ ਨੂੰ ਟੁੰਬਦੀ ਜਰੂਰ ਹੋਊਂ। ਜ਼ੋ ਸਰਕਾਰੀ ਸਕੂਲਾਂ ਵਿੱਚ ਪੜ੍ਹੇ ਹਨ। ਖ਼ੈਰ ਇੱਕ ਸਰਕਾਰੀ ਕੰਮ ਕਰਦਿਆਂ ਸਕੂਲ ਵਿੱਚ ਵਿੱਚਰਦਿਆਂ ਨਵੇਂ ਬਦਲਾਅ ਦੇਖਦਿਆਂ ਪੁਰਾਣੀ ਯਾਦਾਂ ਨਾਲ ਨਵੇਂ ਦੌਰ ਦੀ ਤੁਲਨਾ ਜਰੂਰ ਕਰਕੇ ਦੱਸੀ ਹੈ।



**ਲਿਖ਼ਤ - ਕਮਲਇੰਦਰਜੀਤ ਬਾਜਵਾ, ਸਬ ਇੰਸਪੈਕਟਰ ਭੂਮੀ ਤੇ ਜਲ ਸੰਭਾਲ ਵਿਭਾਗ, ਤਲਵੰਡੀ ਭਾਈ, ਜ਼ਿਲ੍ਹਾ - ਫਿਰੋਜ਼ਪੁਰ, ਮੋਬ - 98150 - 82401**

# ਪੰਜਾਬ ਸਰਕਾਰ ਦੇ ਨੱਕੋ ਨੱਕ ਭਰੇ ਖ਼ਜ਼ਾਨੇ ਦੇ ਖੋਖਲੇ ਦਾਅਵੇ ਬੇਨਕਾਬ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ 44ਫੀਸਦੀ ਜੀ ਐਸ ਟੀ ਵਿੱਚ ਵਾਧੇ ਦੇ ਦਾਅਵੇ ਬੇਨਕਾਬ

## ਤਨਖਾਹਾਂ ਤੋਂ ਵਾਂਝੇ ਅਧਿਆਪਕ ਸੜਕਾਂ 'ਤੇ ਆਉਣ ਨੂੰ ਮਜ਼ਬੂਰ

**ਸ੍ਰੀ ਚਮਕੌਰ ਸਾਹਿਬ, 8 ਜੁਲਾਈ (ਅਮਰਜੀਤ ਸਿੰਘ ਕਲਸੀ)**: ਪੰਜਾਬ ਸਰਕਾਰ ਵੱਲੋਂ ਸਰਕਾਰੀ ਅਧਿਆਪਕਾਂ ਨੂੰ ਜੂਨ ਮਹੀਨੇ ਦੀ ਤਨਖਾਹ ਨਾ ਮਿਲਣ ਕਾਰਨ ਰੋਸ ਦੀ ਅੱਗ ਸੜਕਾਂ ਤੱਕ ਪਹੁੰਚ ਗਈ ਹੈ।ਇਸ ਸੰਬੰਧੀ ਐਲੀਮੈਂਟਰੀ ਟੀਚਰਜ਼ ਯੂਨੀਅਨ, ਈ.ਟੀ.ਟੀ. ਅਧਿਆਪਕ ਯੂਨੀਅਨ, ਐਸ.ਸੀ./ਬੀ.ਸੀ. ਅਧਿਆਪਕ ਯੂਨੀਅਨ ਅਤੇ ਜੀ.ਟੀ.ਯੂ. ਵਰਗੀਆਂ ਵੱਖ-ਵੱਖ ਅਧਿਆਪਕ ਜਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ ਤਿੱਖੀ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦ ਤਨਖਾਹਾਂ ਜਾਰੀ ਨਾ ਹੋਈਆਂ ਤਾਂ ਸੂਬਾ-ਪੱਧਰੀ ਸੰਘਰਸ਼ ਕੀਤਾ ਜਾਵੇਗਾ। ਯੂਨੀਅਨ ਆਗੂਆਂ ਜਤਿੰਦਰ ਕੁਮਾਰ ਪੰਡਿਤ, ਗੁਰਪ੍ਰੀਤ ਸਿੰਘ ਕੈਂਬੋ, ਗੁਰਿੰਦਰ ਸਿੰਘ ਗੋਗੀ ਅਤੇ ਦਲਜੀਤ ਸਿੰਘ ਜਟਾਣਾਂ ਨੇ ਦੱਸਿਆ ਕਿ ਜੂਨ ਮਹੀਨੇ ਦੀ ਤਨਖਾਹ ਦੇ ਰੁਕਣ ਨਾਲ ਲੱਖਾਂ ਮੁਲਾਜ਼ਮ ਆਰਥਿਕ ਤੰਗੀ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹਰ ਮੰਚ ਤੋਂ ਖ਼ਜ਼ਾਨਾ ਭਰਿਆ ਹੋਣ ਦੇ ਦਾਅਵੇ ਕੀਤੇ ਜਾਂਦੇ ਹਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੁਆਰਾ 44ਫੀਸਦੀ ਜੀ ਐਸ ਟੀ ਵਿੱਚ ਵਾਧੇ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਦੂਜੇ ਪਾਸੇ ਅਸਲ ਹਕੀਕਤ ਇਹ ਹੈ ਕਿ ਅਧਿਆਪਕ ਤਨਖਾਹਾਂ ਲਈ ਵੀ ਤਰਸ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਛੇ ਮਹੀਨਿਆਂ ਤੋਂ ਹਰ ਮਹੀਨੇ ਤਨਖਾਹਾਂ ਵਿੱਚ ਦੇਰੀ ਕੀਤੀ ਜਾ ਰਹੀ ਹੈ। ਟੈਲੀਫੋਨ ਸੰਦੇਸ਼ਾਂ ਰਾਹੀਂ ਜਾਂ ਖ਼ਜ਼ਾਨਾ ਅਫਸਰਾਂ ਵੱਲੋਂ ਬਿਨਾਂ ਕਿਸੇ ਸਪਸ਼ਟ ਕਾਰਨ ਦੇ ਤਨਖਾਹਾਂ 'ਤੇ ਅਣ-ਐਲਾਨੀ ਰੋਕ ਲਾ ਦਿੱਤੀ ਜਾਂਦੀ ਹੈ, ਜਿਸ ਕਾਰਨ ਹਜ਼ਾਰਾਂ ਅਧਿਆਪਕ ਮਾਲੀ ਤੌਰ 'ਤੇ ਫਾਕੇ ਕੱਟਣ ਲਈ ਮਜਬੂਰ ਹਨ। ਆਗੂਆਂ ਨੇ ਕਿਹਾ ਕਿ ਅਧਿਆਪਕਾਂ ਦੀਆਂ ਉਮੀਦਾਂ ਪੇ ਕਮਿਸ਼ਨ ਦੇ ਬਕਾਏ, ਡੀਏ ਦੀਆਂ



ਕਿਸ਼ਤਾਂ ਅਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨਾਲ ਜੁੜੀਆਂ ਹੋਈਆਂ ਸਨ, ਹੁਣ ਉਹ ਤਨਖਾਹ ਪ੍ਰਾਪਤ ਕਰਨ ਵਾਸਤੇ ਵੀ ਸੰਘਰਸ਼ ਰਾਹੀਂ ਆਪਣੀ ਆਵਾਜ਼ ਉਠਾ ਰਹੇ ਹਨ। ਆਗੂਆਂ ਨੇ ਆਖਰੀ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਤਨਖਾਹਾਂ ਜਾਰੀ ਨਾ ਹੋਈਆਂ ਤਾਂ ਪੰਜਾਬ ਸਰਕਾਰ ਦੇ ਦੋਹਰੇ ਰਵੱਈਏ ਦੇ ਖ਼ਿਲਾਫ਼ "ਅਰਥੀ ਫੂਕ ਮੁਜ਼ਾਹਰੇ" ਕਰਕੇ ਖ਼ਜ਼ਾਨੇ ਦੀ ਹਕੀਕਤ ਲੋਕਾਂ ਸਾਹਮਣੇ ਲਿਆਈ ਜਾਵੇਗੀ। ਇਹ ਰੋਸ ਕੇਵਲ ਤਨਖਾਹਾਂ ਦੀ ਦੇਰੀ ਨਹੀਂ, ਸਗੋਂ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਭਰੋਸੇ ਦੀ ਤੌਹੀਨ ਵੀ ਹੈ। ਇਸ ਮੌਕੇ ਬਲਵੰਤ ਸਿੰਘ ਕੋਟਲੀ, ਦਵਿੰਦਰਪਾਲ ਸਿੰਘ, ਗੁਰਿੰਦਰਪਾਲ ਸਿੰਘ ਖੇੜੀ, ਹਰਨੇਕ ਸਿੰਘ, ਕੁਲਵੰਤ ਸਿੰਘ, ਬਿਕਰਮ ਸਿੰਘ, ਜਗਵਰਿੰਦਰ ਸਿੰਘ, ਰਾਜਿੰਦਰਪਾਲ ਸਿੰਘ ਬੈਂਸ, ਨਿਸ਼ਾਨ ਸਿੰਘ, ਬਾਲ ਕਿਸ਼ਨ, ਇੰਦਰਜੀਤ ਸਿੰਘ ਨਾਬਰ, ਹਰਭਜਨ ਸਿੰਘ, ਜਸਵਿੰਦਰ ਸਿੰਘ, ਇਕਬਾਲ ਸਿੰਘ, ਗੁਰਚਰਨ ਸਿੰਘ ਆਲੋਵਾਲ, ਗੁਰਦੀਪ ਸਿੰਘ ਖਾਬੜਾ, ਹਰਿੰਦਰ ਰੱਕੜ, ਬਲਜੀਤ ਸਿੰਘ ਮਾਨਸਾ, ਕੁਲਵਿੰਦਰ ਸਿੰਘ ਗਾਮੀਵਾਲਾ, ਵਿਕਰਮ ਰਾਣਾ, ਨਵਰੀਤ ਬਰਾੜ, ਕਰਨਪ੍ਰੀਤ ਸਿੰਘ, ਚੱਕਰਵਰਤੀ ਪਾਠਕ, ਪ੍ਰਸ਼ੋਤਮ ਕੁਮਾਰ, ਅਵਤਾਰ ਸਿੰਘ, ਦੁਪਿੰਦਰਜੀਤ ਮੁੰਡੀਆਂ, ਰੁਪਿੰਦਰਜੀਤ ਕੌਰ, ਹਰਿੰਦਰਜੀਤ ਕੌਰ, ਕਸ਼ਿਸ਼ ਅਤੇ ਸੰਗੀਤਾ ਰਾਣੀ ਆਦਿ ਹਾਜ਼ਰ ਸਨ।

## ਸਰਕਾਰ ਨੇ ਸਿੱਖਿਆ ਖੇਤਰ ਵਿਚ ਇੱਕ ਵੱਡਾ ਕਦਮ ਚੁੱਕਦਿਆਂ 3600 ਸਪੈਸ਼ਲ ਐਜੂਕੇਟਰ ਟੀਚਰਾਂ ਦੀ ਨਵੀਂ ਭਰਤੀ ਨੂੰ ਮਨਜ਼ੂਰੀ ਦਿੱਤੀ- ਡਾ. ਜਵੰਧਾ



**ਭਵਾਨੀਗੜ੍ਹ 8 ਜੁਲਾਈ (ਰਾਜ ਖੁਰਮੀ)** ਇੰਫੋਟੈਕ ਪੰਜਾਬ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਅੱਜ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ 'ਚ ਲਏ ਗਏ ਕੁਝ ਅਹਿਮ ਅਤੇ ਇਤਿਹਾਸਕ ਫੈਸਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨਿਰੰਤਰ ਲੋਕਾਂ ਦੇ ਭਲੇ ਲਈ ਕੰਮ ਕਰ ਰਹੀ ਹੈ ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸਿੱਖਿਆ ਖੇਤਰ ਵਿਚ ਇੱਕ ਵੱਡਾ ਕਦਮ ਚੁੱਕਦਿਆਂ 3600 ਸਪੈਸ਼ਲ ਐਜੂਕੇਟਰ ਟੀਚਰਾਂ ਦੀ ਨਵੀਂ ਭਰਤੀ ਨੂੰ ਮਨਜ਼ੂਰੀ ਦਿੱਤੀ ਹੈ। ਇਹ ਕੇਵਲ ਰੁਜ਼ਗਾਰੀ ਦਾ ਮੌਕਾ ਨਹੀਂ ਸਗੋਂ 47,979 ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਲਈ ਇੱਕ ਨਵੀਂ ਉਮੀਦ ਬਣੇਗੀ। ਇਹ ਟੀਚਰ ਨਾ ਸਿਰਫ ਬੱਚਿਆਂ ਦੀ ਪੜ੍ਹਾਈ ਨਿਖਾਰਣਗੇ, ਸਗੋਂ ਉਨ੍ਹਾਂ ਨੂੰ ਇੱਕ ਸੋਹਣਾ ਭਵਿੱਖ ਵੀ ਦੇਣਗੇ। ਇਹ ਭਰਤੀ ਸਿੱਖਿਆ ਖੇਤਰ ਨੂੰ ਨਵੀਂ ਦਿਸ਼ਾ ਦੇਣ ਵਾਲੀ ਹੋਵੇਗੀ।ਇਸ ਤੋਂ ਇਲਾਵਾ, ਡਾ. ਜਵੰਧਾ ਨੇ ਭਾਖੜਾ ਡੈਮ ਦੀ ਸੁਰੱਖਿਆ ਸੰਬੰਧੀ ਫੈਸਲੇ ਦੀ ਵੀ ਸ਼ਲਾਘਾ ਕੀਤੀ। ਹੁਣ ਤੱਕ ਸੀਆਈਐਸਐਫ ਦੁਆਰਾ ਸੰਭਾਲੀ ਜਾਂਦੀ ਸੁਰੱਖਿਆ ਦੀ ਜ਼ਿੰਮੇਵਾਰੀ ਹੁਣ ਪੰਜਾਬ ਪੁਲੀਸ ਨੂੰ ਸੌਂਪੀ ਜਾ ਰਹੀ ਹੈ। ਇਹ ਸੂਬੇ ਦੀ ਖੁਦਮੁਖਤਿਆਰੀ, ਸੁਰੱਖਿਆ ਅਤੇ ਵਿਸ਼ਵਾਸ ਦਾ ਪ੍ਰਤੀਕ ਹੈ। ਇਹ ਕਦਮ ਨਾ ਸਿਰਫ ਪੰਜਾਬ ਪੁਲੀਸ 'ਤੇ ਭਰੋਸਾ ਵਧਾਏਗਾ, ਸਗੋਂ ਸੂਬੇ ਦੀ ਅੰਦਰੂਨੀ ਸੁਰੱਖਿਆ ਨੂੰ ਵੀ ਮਜ਼ਬੂਤ ਕਰੇਗਾ।ਉਨ੍ਹਾਂ ਕਿਹਾ ਕਿ ਰਾਏਪੁਰ ਪੇਂਡੂ ਖੇਡਾਂ ਵਿੱਚ ਬੈਲਗੱਡੀ ਦੌੜਾਂ ਨੂੰ ਮੁੜ ਸ਼ੁਰੂ ਕਰਵਾਉਣ ਦਾ ਫੈਸਲਾ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਨੂੰ ਨਵੀਂ ਉਜਾਲੀ ਦਿਸ਼ਾ ਵਿੱਚ ਲਿਜਾਣ ਵਾਲਾ ਹੈ। ਇਹ ਪੰਜਾਬੀਆਂ ਦੀ ਜੜ੍ਹਾਂ ਨਾਲ ਮੁੜ ਜੋੜਨ ਦੀ ਕੋਸ਼ਿਸ਼ ਹੈ।ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਕਿਹਾ ਕਿ ਇਹ ਤਿੰਨ ਵੱਡੇ ਫੈਸਲੇ ਪੰਜਾਬ ਦੇ ਵਿਕਾਸ, ਸੁਰੱਖਿਆ ਅਤੇ ਵਿਰਾਸਤ ਨੂੰ ਨਵੀਂ ਰਫਤਾਰ ਦੇਣਗੇ। ਇਹ ਸਾਬਤ ਕਰਦੇ ਹਨ ਕਿ ਮਾਨ ਸਰਕਾਰ ਸਿਰਫ ਵਾਅਦਿਆਂ ਤੱਕ ਸੀਮਤ ਨਹੀਂ ਰਹੀ, ਬਲਕਿ ਜ਼ਮੀਨੀ ਹਕੀਕਤਾਂ ਤੇ ਕੰਮ ਕਰ ਰਹੀ ਹੈ।

# ਬਾਬਾ ਖਾਟੂ ਸ਼ਿਆਮ ਦਾ ਮੂਰਤੀ ਸਥਾਪਨਾ ਦਿਵਸ ਮਨਾਇਆ



**ਭੀਖੀ, 8 ਜੁਲਾਈ (ਸੰਦੀਪ ਤਾਇਲ/ਅਜੇ ਸ਼ਰਮਾ)** ਸ੍ਰੀ ਖਾਟੂ ਸ਼ਿਆਮ ਅਤੇ ਸ਼ਨੀ ਮੰਦਰ ਰਾਮ ਬਾਗ ਰੋਡ ਭੀਖੀ 'ਚ ਬਾਬਾ ਖਾਟੂ ਸ਼ਿਆਮ ਜੀ ਦਾ ਮੂਰਤੀ ਸਥਾਪਨਾ ਦਿਵਸ ਮਨਾਇਆ ਗਿਆ ਜਿਸ ਦੌਰਾਨ ਵਿਸ਼ਾਲ ਚੌਂਕੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਯੋਤੀ ਪ੍ਰਚੰਡ ਦੀ ਰਸਮ ਰਾਜੇਸ਼ ਕੁਮਾਰ ਜਿੰਦਲ (ਲੱਛੇ ਕੇ) ਵਲੋਂ ਅਦਾ ਕੀਤੀ ਗਈ। ਬਾਬਾ ਜੀ ਦੀ ਚੌਂਕੀ ਦੌਰਾਨ ਸ਼ਿਵ ਮੰਦਿਰ ਭੀਖੀ ਦੀ ਕਮੇਟੀ ਵਲੋਂ ਬਾਬਾ ਜੀ ਦਾ ਗੁਨਗਾਣ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਮੰਦਿਰ ਦੇ ਪੁਜਾਰੀ ਜੱਸੀ ਬਾਬਾ ਨੇ ਦੱਸਿਆ ਕਿ ਇਸ ਮੰਦਿਰ ਪ੍ਰਤੀ ਭਗਤਾਂ ਦੀ ਅਥਾਹ ਸ਼ਰਧਾ ਹੈ। ਉਨਾਂ ਦੱਸਿਆ ਕਿ ਹਰ ਸਾਲ ਖਾਟੂ ਸ਼ਿਆਮ ਬਾਬਾ ਦਾ ਸਲਾਨਾ ਦਿਵਸ ਮਨਾਇਆ ਜਾਂਦਾ ਹੈ ਜੋ ਇਸ ਵਾਰ ਅਕਤੂਬਰ ਮਹੀਨੇ ਵਿੱਚ ਹੋਵੇਗਾ ਅਤੇ ਵਿਸ਼ਾਲ ਧਾਰਮਿਕ ਸਮਾਰੋਹ ਆਯੋਜਿਤ ਕੀਤਾ ਜਾਵੇਗਾ ਜਿਸ ਦੌਰਾਨ ਪ੍ਰਸਿੱਧ ਭਜਨ ਗਾਇਕ ਵਿਸ਼ਾਲ ਸ਼ੈਲੀ ਬਾਬਾ ਜੀ ਦਾ ਗੁਨਗਾਣ ਕਰਨਗੇ। ਇਸ ਮੌਕੇ ਧਰਮਪਾਲ ਜਿੰਦਲ, ਨਰੇਸ਼ ਕੁਮਾਰ ਨਾਟੀ, ਗੋਬਿੰਦ, ਕ੍ਰਿਸ਼ਨ, ਅਸ਼ੋਕ ਕੁਮਾਰ, ਮਣੀ, ਸੰਤ ਰਾਮ, ਜੈਪਾਲ ਸ਼ਰਮਾ, ਜੀਤੂ ਖੁਰਮੀ, ਅਸ਼ੋਕ ਸ਼ੌਕੀ, ਜਗਦੀਪ ਮਿੱਤਲ, ਭਜਨ ਗਾਇਕ ਪੁਨੀਤ ਗੋਇਲ, ਦੀਪੂ ਰਾਜਦਾਨ ਵੀ ਮੌਜੂਦ ਸਨ।

## ਪੰਜਾਬ ਦੇ ਲੋਕ ਚਰਨਜੀਤ ਚੰਨੀ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ, ਸਰਵੇ ਵਿੱਚ ਵੀ ਚੰਨੀ ਟੌਪ 'ਤੇ- ਰਕੇਸ਼ ਕੁਮਾਰ

**ਮਾਛੀਵਾੜਾ ਸਾਹਿਬ 8 ਜੁਲਾਈ (ਮਾਸਟਰ ਸਤੀਸ਼ ਕੁਮਾਰ)** ਪੰਜਾਬ ਦੇ ਲੋਕ ਮੁੜ ਤੋਂ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਸਾਹਿਬ ਤੋਂ ਯੂਥ ਆਗੂ ਰਕੇਸ਼ ਕੁਮਾਰ ਸਿੰਦੂ ਨੇ ਕਿਹਾ ਕਿ ਪੰਜਾਬ ਵਿੱਚ ਹਾਲਾਤ ਬੁਰੀ ਤਰ੍ਹਾਂ ਵਿਗੜੇ ਹੋਏ ਹਨ, ਕਾਨੂੰਨ ਵਿਵਸਥਾ ਹਿੱਲ ਚੁੱਕੀ ਹੈ। ਲੋਕਾਂ ਨੂੰ ਇਨਸਾਫ ਲੈਣ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਲਈ ਲੋਕ ਪੰਜਾਬ ਵਿੱਚ ਮੁੜ ਤੋਂ ਕਾਂਗਰਸ ਪਾਰਟੀ ਦੀ ਸਰਕਾਰ ਅਤੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਵਜੋਂ ਦੇਖਣ ਲਈ ਉਤਾਵਲੇ ਹਨ। ਉਹਨਾਂ ਦੱਸਿਆ ਕਿ ਪਿਛਲੇ ਦਿਨੀ ਇੱਕ ਕੰਪਨੀ ਵੱਲੋਂ ਕੀਤੇ ਗਏ ਸਰਵੇ ਵਿੱਚ ਵੀ ਪੰਜਾਬ ਵਿੱਚ ਸਭ ਤੋਂ ਵੱਧ ਪਸੰਦੀਦਾ ਆਗੂ ਚਰਨਜੀਤ ਸਿੰਘ ਚੰਨੀ ਨੂੰ ਚੁਣਿਆ ਗਿਆ ਜਿਸ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫੀ ਚਰਚਾ ਵਿੱਚ ਹੈ। ਉਹਨਾਂ ਕਿਹਾ ਕਿ ਪੰਜਾਬ ਕਾਂਗਰਸ ਇੱਕ ਵਾਰ ਫਿਰ ਤੋਂ ਇੱਕਜੁੱਟ, ਇੱਕ ਮੁੱਠ ਹੋ ਕੇ 2027 ਦੀਆਂ ਚੋਣਾਂ ਲਈ ਤਿਆਰੀ ਕਰਨ ਵਿੱਚ ਜੁਟੀ ਹੋਈ ਹੈ। ਉਹਨਾਂ ਹਲਕਾ ਸਮਰਾਲਾ ਦੀ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਤੋਂ ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਬਣਾਏ ਗਏ ਹਨ, ਉਨ੍ਹਾਂ ਦੀ ਪੂਰੀ ਟੀਮ ਵੱਲੋਂ ਕਾਂਗਰਸ ਪਾਰਟੀ ਦੇ ਨੀਤੀਆਂ ਨੂੰ ਘਰ ਘਰ ਪਹੁੰਚਾ, ਖਾਸ ਤੌਰ ਤੇ ਨੌਜਵਾਨੀ ਨੂੰ ਆਪਣੇ ਨਾਲ ਜੋੜਨ ਵਿੱਚ ਵੱਡਾ ਹੰਭਲਾ ਮਾਰਿਆ ਹੈ। ਉਹਨਾਂ ਕਿਹਾ ਕਿ ਦੂਰ ਅੰਦੇਸ਼ੀ ਸੋਚ ਅਤੇ ਹਰ ਸ ਇੱਕ ਦੇ ਸੁੱਖ ਦੁੱਖ ਵਿੱਚ ਖੜ੍ਹਨ ਵਾਲੇ ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਸਮਰਾਲਾ ਵਿੱਚ ਕਾਂਗਰਸ ਦੀ ਮਜਬੂਤੀ ਲਈ ਯਤਨਸ਼ੀਲ ਹਨ।

# ਤਨਖਾਹਾਂ ਨਾ ਮਿਲਣ ਤੋਂ ਪਰੇਸ਼ਾਨ ਮਾਸਟਰ ਕਾਡਰ ਯੂਨੀਅਨ ਵੱਲੋਂ ਪੰਜਾਬ ਸਰਕਾਰ ਖਿਲਾਫ਼ ਜਬਰਦਸਤ ਨਾਅਰੇਬਾਜ਼ੀ



**ਸ੍ਰੀ ਚਮਕੌਰ ਸਾਹਿਬ 8 ਜੁਲਾਈ (ਅਮਰਜੀਤ ਸਿੰਘ ਕਲਸੀ)** ਮਾਸਟਰ ਕਾਡਰ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਸ਼ਾਂਤਪੁਰੀ ਦੀ ਅਗਵਾਈ ਹੇਠ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਦੁਆਰਾ ਪਿਛਲੇ ਛੇ ਮਹੀਨਿਆਂ ਤੋ ਲਗਾਤਾਰ ਹਰੇਕ ਮਹੀਨੇ ਬਿਨਾਂ ਵਜਾ ਤੋਂ ਹਫਤੇ ਜਾਂ ਦੋ ਹਫਤੇ ਕੀਤੀ ਜਾ ਰਹੀ ਦੇਰੀ ਦੇ ਖਿਲਾਫ ਪੰਜਾਬ ਸਰਕਾਰ ਦੇ ਵਿਰੁੱਧ ਨਾਅਰੇਬਾਜੀ ਕੀਤੀ ਗਈ ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਆਗੂਆਂ ਅਸ਼ੀਸ ਕੁਮਾਰ ਅਬੋਹਰ ਅਤੇ ਰਵਿੰਦਰ ਸਿੰਘ ਰਵੀ ਨੇ ਦੱਸਿਆ ਕੇ ਲਗਭਗ 10 ਦਿਨ ਬੀਤਣ ਵਾਲੇ ਹਨ ਪ੍ਰੰਤੂ ਅਜੇ ਤੱਕ ਅਧਿਆਪਕਾਂ ਦੀ ਜੂਨ ਮਹੀਨੇ ਦੀ ਤਨਖਾਹ ਰਿਲੀਜ਼ ਨਹੀਂ ਕੀਤੀ ਗਈ ਇਸ ਕਾਰਨ ਲੱਖਾਂ ਹੀ ਅਧਿਆਪਕ ਮਹਿੰਗਾਈ ਦੇ ਇਸ ਦੌਰ ਵਿੱਚ ਫਾਕੇ ਕੱਟਣ ਲਈ ਮਜਬੂਰ ਹਨ ਜਦੋਂ ਕਿ ਇੱਕ ਪਾਸੇ ਹਰ ਰੋਜ਼ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਵੱਲੋਂ ਹਰ ਰੋਜ਼ ਪਬਲਿਕ ਮੀਟਿੰਗਾਂ ਦੇ ਵਿੱਚ ਪੰਜਾਬ ਦੇ ਖਜ਼ਾਨੇ ਦੇ ਨੱਕੋ ਨੱਕ ਭਰੇ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਪ੍ਰੰਤੂ ਅਸਲ ਦੇ ਵਿੱਚ ਜੇਕਰ ਖਜਾਨੇ ਦੀ ਸਥਿਤੀ ਨੂੰ ਨੇੜੇ ਹੋ ਕੇ ਵੇਖਿਆ ਜਾਵੇ ਤਾਂ ਹਾਲਾਤ ਕੁਝ ਹੋਰ ਬਿਆਨ ਕਰ ਰਹੇ ਹਰ ਮਹੀਨੇ ਬਿਨਾਂ ਵਜ੍ਹਾ ਤੋਂ ਟੈਲੀਫੋਨ ਸੰਦੇਸ਼ਾਂ ਤੇ ਖਜ਼ਾਨਾ ਅਫਸਰਾਂ ਦੇ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਅਣ -ਐਲਾਨੀ ਪਾਬੰਦੀ ਲਗਾ ਦਿੱਤੀ ਜਾਂਦੀ ਹੈ ਜਿਸ ਕਾਰਨ ਕਈ ਸਾਰੇ ਮੁਲਾਜ਼ਮ / ਅਧਿਆਪਕ ਆਰਥਿਕ ਸੰਕਟ ਦਾ ਸਾਹਮਣਾ ਕਰਨ ਲਈ ਮਜਬੂਰ ਹਨ ਇਸ ਕਾਰਨ ਪੰਜਾਬ ਸਰਕਾਰ ਦੇ ਖਿਲਾਫ ਪੰਜਾਬ ਅੰਦਰ ਸਮੁੱਚੇ ਮੁਲਾਜ਼ਮਾਂ ਦੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਹੁਣ ਜਦੋਂ ਕਿ ਮੁਲਾਜ਼ਮ ਡੀਏ ਦੀਆਂ ਕਿਸ਼ਤਾਂ ਪੇ ਕਮਿਸ਼ਨ ਦੇ ਬਕਾਏ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦੀ ਆਸ ਪੰਜਾਬ ਸਰਕਾਰ ਤੋਂ ਲਗਾਈ ਬੈਠੇ ਸਨ ਉੱਥੇ ਉਹਨਾਂ ਨੂੰ ਤਨਖਾਹ ਪ੍ਰਾਪਤ ਕਰਨ ਦੇ ਲਈ ਵੀ ਸੜਕਾਂ ਤੇ ਆਉਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਅਧਿਆਪਕ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦ ਹੀ ਅਧਿਆਪਕਾਂ ਦੀਆਂ ਤਨਖਾਹਾਂ ਨਾ ਜਾਰੀ ਕੀਤੀਆਂ ਗਈਆਂ ਤਾਂ ਪੰਜਾਬ ਸਰਕਾਰ ਖਿਲਾਫ ਅਰਥੀ ਫੂਕ ਮੁਜ਼ਾਹਰਾ ਕੀਤਾ ਜਾਵੇਗਾ। ਇਸ ਮੌਕੇ ਸਰਬਜੀਤ ਸਿੰਘ, ਜਗਦੀਪ ਸਿੰਘ, ਅੰਮ੍ਰਿਤ ਸਿੰਘ, ਜੁਝਾਰ ਕੌਰ, ਸੋਨਿਕਾ ਗੁਪਤਾ, ਹਰਮੀਤ ਕੌਰ, ਸ਼ੈਲੀ ਗਰਗ ,ਬਲਵਿੰਦਰ ਕੌਰ,ਸ਼ਿਲਪੀ ਗੁਪਤਾ,ਰਮਨਦੀਪ ਕੌਰ ਜਰਨੈਲ ਕੌਰ ਨਰਿੰਦਰ ਸਿੰਘ ਅਤੇ ਹੋਰ ਮੁਲਾਜ਼ਮ ਅਧਿਆਪਕ ਆਗੂ ਹਾਜ਼ਰ ਸਨ।

# ਕਿਸਾਨ ਵੀਰ ਝੋਨੇ ਦੇ ਵਾਧੇ ਲਈ ਬੇਲੋੜੀਆਂ ਵਸਤਾਂ ਨਾ ਪਾਉਣ : ਡਾ. ਸਿੱਧੂ



**ਕੋਟ ਈਸੇ ਖਾਂ,08 ਜੁਲਾਈ (ਅਰੋੜਾ)** ਮੁੱਖ ਖੇਤੀਬਾੜੀ ਅਫਸਰ ਡਾ. ਗੁਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਬਲਾਕ ਖੇਤੀਬਾੜੀ ਅਫਸਰ ਡਾ. ਗੁਰਬਾਜ਼ ਸਿੰਘ ਦੀ ਅਗਵਾਈ ਵਿੱਚ ਖੇਤੀਬਾੜੀ ਵਿਕਾਸ ਅਫਸਰ ਡਾ. ਗੁਰਲਵਲੀਨ ਸਿੰਘ ਸਿੱਧੂ ਵੱਲੋਂ ਪਿਛਲੇ ਕਈ ਦਿਨਾਂ ਤੋਂ ਇਲਾਕੇ ਦੇ ਵੱਖ ਵੱਖ ਪਿੰਡਾਂ ਦੇ ਕਿਸਾਨਾਂ ਦੇ ਝੋਨੇ ਦੇ ਖੇਤਾਂ ਦਾ ਨਰੀਖਣ ਸ਼ੁਰੂ ਕੀਤਾ ਹੋਇਆ ਹੈ। ਏਸੇ ਲੜੀ ਤਹਿਤ ਅੱਜ ਦਰਿਆ ਨਾਲ ਲਗਦੇ ਪਿੰਡ ਸ਼ੇਰੇਵਾਲਾ ਅਤੇ ਬੱਗੇ ਵਿਖੇ ਡਾ. ਸਿੱਧੂ ਨੇ ਕਿਸਾਨਾ ਨੂੰ ਅਪੀਲ ਕੀਤੀ ਕਿ ਕਿਸਾਨ ਵੀਰ ਵੇਖੋ ਵੇਖ ਕਿਸੇ ਮਗਰ ਲਗਕੇ ਝੋਨੇ ਨੂੰ ਫਾਲਤੂ ਵਸਤਾਂ ਨਾ ਪਾਉਣ ਜਿਸਦੀ ਕਿ ਝੋਨੇ ਨੂੰ ਲੋੜ ਈ ਨਹੀਂ ਹੁੰਦੀ। ਝੋਨੇ ਨੂੰ ਜ਼ਿਆਦਾਤਰ ਦੋ ਹੀ ਘਾਟਾ ਦਾ ਸਾਹਮਣਾ ਕਰਨਾ ਪੈਂਦਾ ਹੈ ਇੱਕ ਜ਼ਿੰਕ ਦੀ ਘਾਟ ਦੂਜੀ ਲੋਹੇ ਦੀ ਘਾਟ, ਝੋਨੇ ਦੇ ਪੱਤੇ ਜੰਗਾਲੇ ਜਿਹੇ ਭੂਰੇ ਜਿਹੇ ਨਜ਼ਰ ਆਉਣ ਤਾਂ ਸਮਝ ਲੈਣਾ ਜ਼ਿੰਕ ਦੀ ਘਾਟ ਹੈ। ਝੋਨੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈਣੇ ਸ਼ੁਰੂ ਕਰ ਦੇਣ ਤਾਂ ਉਹ ਲੋਹੇ ਦੀ ਘਾਟ ਹੈ। ਜ਼ਿੰਕ ਦੀ ਪੂਰਤੀ ਲਈ ਜ਼ਿੰਕ ਸਲਫੇਟ ਹੈਪਟਾਹਾਈਡਰੇਟ 21% ਅਤੇ ਜ਼ਿੰਕ ਸਲਫੇਟ ਮੋਨੋਹਾਈਡਰੇਟ 33% ਨਾਲ ਜ਼ਿੰਕ ਦੀ ਘਾਟ ਨੂੰ ਰੋਕਿਆ ਜਾ ਸਕਦਾ ਹੈ। ਲੋਹੇ ਦੀ ਪੂਰਤੀ ਲਈ ਫੈਰਸ ਸਲਫੇਟ 19% ਦੀ ਸਪਰੇ ਨਾਲ ਹੱਲ ਕੀਤਾ ਜਾ ਸਕਦਾ ਹੈ। ਲੋਹੇ ਦੀ ਸਿਰਫ ਸਪਰੇ ਹੀ ਹੁੰਦੀ ਹੈ ਧਰਤੀ ਵਿੱਚ ਸਿੱਧਾ ਲੋਹਾ ਪਾਇਆ ਅਸਰਦਾਰ ਨਹੀਂ ਹੁੰਦਾ। ਜ਼ਿੰਕ ਨੂੰ ਧਰਤੀ ਵਿੱਚ ਵੀ ਪਾਇਆ ਜਾ ਸਕਦਾ ਹੈ ਅਤੇ ਇਸਦੀ ਸਪਰੇਹ ਵੀ ਕੀਤੀ ਜਾ ਸਕਦੀ ਹੈ। ਲੋਹੇ ਦੀ ਸਿਰਫ਼ ਸਪਰੇਹ ਹੀ ਹੁੰਦੀ ਹੈ। ਜਦੋਂ ਕਿਸਾਨ ਵੀਰ ਕਿਸੇ ਮਗਰ ਲੱਗਕੇ ਵੇਖੋ ਵੇਖੋ ਵਸਤਾਂ ਝੋਨੇ ਨੂੰ ਪਾਉਂਦੇ ਹਨ ਤਾਂ ਇਸਦੇ ਨਾਲ ਕਿਸਾਨ ਵੀਰਾਂ ਦੇ ਖਰਚੇ ਹੀ ਵਧਦੇ ਹਨ, ਸੋ ਸਾਨੂੰ ਬੇਲੋੜੇ ਖਰਚਿਆਂ ਤੋਂ ਬਚਣਾ ਚਾਹੀਦਾ ਹੈ। ਕਿਸਾਨ ਵੀਰ ਖੇਤੀ ਸਮੱਗਰੀ ਦਾ ਪੱਕਾ ਬਿੱਲ ਜ਼ਰੂਰ ਲਿਆ ਕਰਨ। ਇਸ ਮੌਕੇ ਏ ਟੀ ਐਮ ਗਗਨਦੀਪ ਸਿੰਘ, ਬੇਲਦਾਰ ਰਾਜਦੀਪ ਸਿੰਘ, ਪੰਚ ਕਰਨੈਲ ਸਿੰਘ, ਬਲਜਿੰਦਰ ਸਿੰਘ ਖਾਲਸਾ, ਬੁਲਾਰਾ ਕਿਸਾਨ ਯੂਨੀਅਨ (ਖੋਸਾ), ਬਲਵੀਰ ਸਿੰਘ, ਰਣਬੀਰ ਸਿੰਘ ਅਤੇ ਹੋਰ ਕਿਸਾਨ ਵੀਰ ਹਾਜ਼ਰ ਸਨ।

# ਜੈ ਮਾਤਾ ਨੈਣਾ ਦੇਵੀ ਪੈਦਲ ਯਾਤਰਾ ਸੰਘ ਵਲੋਂ ਮੀਟਿੰਗ ਆਯੋਜਿਤ



**ਤਪਾ ਮੰਡੀ, 8 ਜੁਲਾਈ (ਅਰੁਣ ਗੋਇਲ)** ਜੈ ਮਾਤਾ ਨੈਣਾਂ ਦੇਵੀ ਪੈਦਲ ਯਾਤਰਾ ਸੰਘ ਤਪਾ-ਢਿਲਵਾਂ ਦੀ ਇੱਕ ਮੀਟਿੰਗ ਪ੍ਰਧਾਨ ਸੁਭਾਸ਼ ਮੁਨੀਮ ਦੀ ਅਗਵਾਈ ਹੇਠ ਤਪਾ ਵਿਖੇ ਹੋਈ। ਜਿਸ ਵਿਚ ਸੰਘ ਦੇ ਸਮੂਹ ਮੈਂਬਰਾਂ ਨੇ ਭਾਗ ਲਿਆ ਅਤੇ ਯਾਤਰਾ ਸਬੰਧੀ ਵਿਚਾਰ ਵਟਾਂਦਰਾ ਕੀਤਾ। ਸੰਘ ਦੇ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਵਲੋਂ 23 ਜੁਲਾਈ ਦਿਨ ਬੁੱਧਵਾਰ ਨੂੰ ਤਪਾ ਤੋਂ ਮਾਤਾ ਨੈਣਾਂ ਦੇਵੀ ਲਈ 28ਵੀਂ ਪੈਦਲ ਯਾਤਰਾ ਸ਼ੁਰੂ ਕੀਤੀ ਜਾਵੇਗੀ, ਜਿਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਭਗਤਾਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਜਗਦੀਸ਼ ਰਾਏ ਘੁੰਨਸ, ਅੰਮ੍ਰਿਤ ਲਾਲ ਢਿਲਵਾਂ, ਟੈਲੀ ਗੋਇਲ, ਸੋਨੀ ਸ਼ਹਿਣਾ, ਅੰਮ੍ਰਿਤ ਲਾਲ ਬਗਧੂ, ਵਿਜੇ ਧੁਰਕੋਟੀਆ, ਸ਼ੁਸਾਂਤ ਅਗਰਵਾਲ, ਰਾਜੇਸ਼ ਮਿੱਤਲ, ਨੋਨੀ ਢਿਲਵਾਂ, ਪੰਕਜ ਸ਼ਰਮਾ, ਆਸ਼ੂ ਘਈ, ਲੱਕੀ ਵਰਮਾ, ਰਮਨ ਕੁਮਾਰ, ਹਨੀ ਫਰੂਟ, ਰਾਕੇਸ਼ ਕੁਮਾਰ, ਜਗਦੀਸ਼ ਖੱਤਰੀ, ਹਨੀ ਮਿੱਤਲ, ਨਿੰਦਰ ਸ਼ਰਮਾ, ਗੋਪਾਲ ਸ਼ਰਮਾ, ਕੇਸ਼ਵ ਸ਼ਰਮਾ, ਗੌਰਵ ਸ਼ਰਮਾ, ਸੰਜੇ ਗੁਪਤਾ, ਡਾ: ਸ਼ੀਨੂੰ, ਚਰਨੀ, ਅਸ਼ਵਨੀ ਕੁਮਾਰ ਕਾਕੜ, ਸਰਬੀ ਢਿਲਵਾਂ, ਜਸਕਰਨ, ਦਰਸ਼ਨ ਢਿਲਵਾਂ, ਰਿੰਕੂ ਮੌੜ, ਪ੍ਰਵੀਨ ਜੇਠੂਕੇ, ਦਮਨ ਆਦਿ ਸਮੂਹ ਸ਼ਰਧਾਲੂ ਮੌਜੂਦ ਸਨ।

# ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਚੰਗੀ ਸਿਹਤ ਤੇ ਸਰੀਰਕ ਫਿਟਨੈਸ ਦੇਣਾ ਹੀ ਬੌਡੀ ਜੋਨ ਜਿੰਮ ਸੈਂਟਰ ਦਾ ਮੁੱਖ ਉਦੇਸ਼- ਭੋਲਾ ਵਿਰਦੀ



**ਸਮਾਣਾ 8 ਜੁਲਾਈ (ਹਰਜਿੰਦਰ ਸਿੰਘ ਜਵੰਦਾ)** ਸਥਾਨਕ ਪਬਲਿਕ ਕਾਲਜ ਦੇ ਸਾਹਮਣੇ ਮੁਹੱਲਾ ਇੰਦਰਾਪੁਰੀ ਵਿਖੇ ਬੋਡੀ ਜੋਨ ਜਿੰਮ ਸੈਂਟਰ ਦੀ ਓਪਨਿੰਗ ਹੋਈ। ਜਿੱਥੇ ਜਿੰਮ ਦੇ ਮਾਲਕ ਭੋਲਾ ਵਿਰਦੀ ਵੱਲੋਂ ਇੱਕ ਨਵੀਂ ਪਹਿਲ ਕਰਦੇ ਹੋਏ ਇਸ ਜਿੰਮ ਦਾ ਉਦਘਾਟਨ ਕਿਸੇ ਰਾਜਨੀਤਿਕ, ਸਮਾਜਿਕ ਜਾਂ ਧਾਰਮਿਕ ਸ਼ਖਸੀਅਤ ਆਦਿ ਤੋਂ ਨਾ ਕਰਵਾ ਕੇ ਬਲਕਿ ਆਪਣੇ ਮਾਪਿਆਂ ਤੇ ਪਰਿਵਾਰਕ ਮੈਂਬਰਾਂ ਤੋਂ ਕਰਵਾਇਆ ਗਿਆ। ਜੋ ਕਿ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਹੈ।ਇਸ ਸਬੰਧੀ ਭੋਲਾ ਵਿਰਦੀ ਦਾ ਕਹਿਣਾ ਹੈ ਜਿਨਾਂ ਕਰਕੇ ਅੱਜ ਉਹ ਇਸ ਮੁਕਾਮ ਤੇ ਪੁੱਜਾ ਹੈ ਤਾਂ ਇਸ ਦਾ ਉਦਘਾਟਨ ਕਰਨ ਦਾ ਹੱਕ ਵੀ ਉਨਾਂ ਮਾਪਿਆਂ ਦਾ ਹੀ ਬਣਦਾ ਹੈ। ਸੋ ਨੌਜਵਾਨ ਦੀ ਇਸ ਵਧੀਆ ਸੋਚ ਅਤੇ ਆਪਣੇ ਮਾਪਿਆਂ ਨੂੰ ਦਿੱਤੇ ਗਏ ਸਤਿਕਾਰ ਨੂੰ ਲੈ ਕੇ ਸ਼ਹਿਰ ਚਰਚਾ ਦਾ ਮਹੌਲ ਹੈ। ਇਸ ਮੌਕੇ ਜਿੰਮ ਦਾ ਉਦਘਾਟਨ ਕਰਨ ਉਪਰੰਤ ਸ ਲਛਮਣ ਸਿੰਘ ਵਿਰਦੀ ਅਤੇ ਸ ਬਲਵਿੰਦਰ ਸਿੰਘ ਵਿਰਦੀ ਨੇ ਮੀਡੀਆ ਰਾਹੀਂ ਨੌਜਵਾਨਾਂ ਨੂੰ ਨਸੀਅਤ ਦਿੰਦੇ ਹੋਏ ਕਿਹਾ ਕਿ ਉਹ ਜ਼ਿੰਦਗੀ ਦੇ ਸਫ਼ਰ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ, ਸਰੀਰ ਤੰਦਰੁਸਤ ਅਤੇ ਫਿੱਟ ਰੱਖਣ ਲਈ ਜਿੰਮ ਨਾਲ ਜ਼ਰੂਰ ਜੁੜਣ। ਇਸ ਮੌਕੇ ਸ ਭੋਲਾ ਵਿਰਦੀ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ 'ਚ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਚੰਗੀ ਸਿਹਤ ਤੇ ਸਰੀਰਕ ਫਿਟਨੈਸ ਦੇਣਾ ਹੀ ਫਿਟ ਐਂਡ ਲਿਫਟ ਜਿਮ ਸੈਂਟਰ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਅੱਗੇ ਦੱਸਿਆ ਕਿ ਤੰਦਰੁਸਤ ਸਰੀਰ ਦਾ ਜਿਮ ਦੇ ਨਾਲ ਬਹੁਤ ਨਜ਼ਦੀਕੀ ਦਾ ਰਿਸ਼ਤਾ ਹੁੰਦਾ ਹੈ ਜਿੱਥੇ ਸਰੀਰ ਤੰਦਰੁਸਤੀ ਲਈ ਜਿਮ ਦੀ ਪ੍ਰੈਕਟਿਸ ਫਿਟਨੈਸ ਦੇ ਨਾਲ-ਨਾਲ ਵੱਖ-ਵੱਖ ਤਰਾਂ ਦੀ ਕਸਰਤ ਵੀ ਕਰਵਾਈ ਜਾਂਦੀ ਹੈ। ਜਿਸ ਨਾਲ ਸਰੀਰ ਦੇ ਮਸਲ ਅਤੇ ਚੈਸਟ ਮਜਬੂਤ ਹੁੰਦੇ ਹਨ।ਇਸ ਤਰਾਂ ਸਭ ਨੂੰ ਸਹੀ ਸੇਧ ਦੇਣ ਦੇ ਲਈ ਇੱਕ ਵੱਡਾ ਟਰੈਕ ਜਿਮ ਹੈ।ਉਨ੍ਹਾਂ ਦੱਸਿਆ ਕਿ ਅੱਜ ਨੌਜਵਾਨਾਂ ਦੇ ਨਾਲ-ਨਾਲ ਨੌਜਵਾਨ ਲੜਕੀਆਂ ਅਤੇ ਔਰਤਾਂ ਵਲੋਂ ਵੀ ਸਰੀਰਕ ਫਿਟਨੈਸ ਲਈ ਜਿੰਮ ਨੂੰ ਪਹਿਲਾ ਦਿੱਤੀ ਜਾ ਰਹੀ ਹੈ ਅਤੇ ਬੋਡੀ ਜੋਨ ਜਿੰਮ ਸੈਂਟਰ 'ਚ ਔਰਤਾਂ ਲਈ ਖਾਸ ਪ੍ਰਬੰਧ ਕੀਤੇ ਗਏ ਹਨ ਅਤੇ ਹਰ ਤਰ੍ਹਾਂ ਦੀ ਸਕਿਊਰਿਟੀ ਮਜਬੂਤ ਹੈ।ਇਸ ਮੌਕੇ ਗੁਰਮੀਤ ਸਿੰਘ ਵਿਰਦੀ, ਬੰਟੀ ਵਿਰਦੀ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਹਾਜ਼ਰ ਸਨ।

# ਤਪਾ ਤੋਂ ਸ਼ਰਧਾਲੂਆਂ ਦਾ ਜੱਥਾ 5ਵੀਂ ਅਮਰਨਾਥ ਯਾਤਰਾ ਲਈ ਰਵਾਨਾ

**ਤਪਾ ਮੰਡੀ, 8 ਜੁਲਾਈ (ਅਰੁਣ ਗੋਇਲ)** ਬਾਬਾ ਬਰਫਾਨੀ ਦੀ ਯਾਤਰਾ ਹਿੰਦੂ ਧਰਮ ਦੀ ਸਭ ਤੋਂ ਵੱਡੀ ਯਾਤਰਾ ਮੰਨੀ ਜਾਂਦੀ ਹੈ ਅਤੇ ਹਿੰਦੂਆਂ ਦਾ ਪ੍ਰਮੁੱਖ ਸਥਾਨ ਮੰਨਿਆ ਜਾਂਦਾ ਹੈ।ਇਸ ਯਾਤਰਾ ਦੌਰਾਨ ਸ਼ਰਧਾਲੂ ਪੂਰੇ ਭਾਰਤ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਦੀ ਸੰਖਿਆ ਵਿਚ ਸ਼ਾਮਿਲ ਹੁੰਦੇ ਹਨ। ਇਸੇ ਲੜੀ ਤਹਿਤ ਤਪਾ ਤੋਂ ਵੀ ਸ਼ਰਧਾਲੂਆਂ ਦਾ ਜੱਥਾ 5ਵੀਂ ਅਮਰਨਾਥ ਯਾਤਰਾ ਲਈ ਰਵਾਨਾ ਹੋਇਆ। ਯਾਤਰਾ ਤੇ ਰਵਾਨਾ ਹੋਣ ਤੋਂ ਪਹਿਲਾਂ ਸਮੂਹ ਸ਼ਰਧਾਲੂ ਤਪਾ ਦੇ ਧਾਰਮਿਕ ਸਥਾਨ ਬਾਬਾ ਮਟ ਵਿਖੇ ਨਤਮਸਤਕ ਹੋਏ ਉਪਰੰਤ ਬਮ ਬਮ ਭੋਲੇ ਦੇ ਜੈਕਾਰਿਆਂ ਨਾਲ ਰਵਾਨਾ ਹੋਏ। ਇਸ ਮੌਕੇ ਸ਼ਰਧਾਲੂਆਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ।ਇਸ ਮੌਕੇ ਰਾਕੇਸ਼ ਸਿੰਗਲਾ, ਸੰਤੋਸ਼ ਕੁਮਾਰ,ਰਾਕੇਸ਼ ਕੁਮਾਰ, ਸੋਮ ਨਾਥ ਸ਼ਰਮਾ, ਅਮਨ ਕੁਮਾਰ ਤੇ ਲਖਬੀਰ ਕੁਮਾਰ ਆਦਿ ਸ਼ਰਧਾਲੂ ਮੌਜੂਦ ਸਨ।



ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਰਵੀਨਾ ਰਾਣੀ ਨੇ ਪੁਸ਼ਪਕ ਪ੍ਰਿੰਟਰ, ਚੱਕ ਰੋਡ ਨੇੜੇ ਖਾਲਸਾ ਸਕੂਲ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਮਾਲਵਾ ਬਾਣੀ ਦਫਤਰ, ਖੱਡੀਆਂ ਵਾਲੀ ਗਲੀ, ਹਾਊਸ ਨੰਬਰ 1740 , ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਰਵੀਨਾ ਰਾਣੀ
Rni.PUNPUN/2022/85964

# ਪਾਣੀਆਂ ਦੇ ਰਾਖੇ ਇੱਕ ਸਮਾਗਮ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾ ਦੀ ਯਾਦ ਵਿੱਚ





**ਚਮਕੌਰ ਸਾਹਿਬ, 8 ਜੁਲਾਈ (ਅਮਰਜੀਤ ਸਿੰਘ ਕਲਸੀ)**- ਵਾਰਿਸ ਪੰਜਾਬ ਦੀ ਟੀਮ ਮੋਗਾ , ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਸ਼ਹੀਦ ਦੀਪ ਸਿੱਧੂ ਮੈਮੋਰੀਅਲ ਟਰੱਸਟ ਚੌਂਕੀਮਾਨ ਜਗਰਾਉਂ ਵਲੋਂ ਪਾਣੀਆਂ ਦੇ ਰਾਖੇ ਇੱਕ ਧਾਰਮਿਕ ਸਮਾਗਮ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾ ਦੀ ਯਾਦ ਵਿੱਚ 10 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਉਨਾਂ ਦੀ ਟੀਮ ਅੱਜ ਗੁਰਦੁਆਰਾ ਸ਼੍ਰੀ ਕਤਲਗੜ੍ਹ ਸਾਹਿਬ ਵਿਖੇ ਪਹੁੰਚੀ ਅਤੇ ਦੀਪ ਸਿੱਧੂ ਦੇ ਭਰਾ ਸਰਦਾਰ ਮਨਦੀਪ ਸਿੰਘ ਸਿੱਧੂ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾਂ ਦੀ ਯਾਦ ਵਿਚ ਪਾਣੀਆ ਦੇ ਰਾਖੇ ਇੱਕ ਧਾਰਮਿਕ ਸਮਾਗਮ ਕਰਾਇਆ ਜਾ ਰਿਹਾ ਹੈ। ਇਹ ਸਮਾਗਮ ਗੁਰਦੁਆਰਾ ਚਰਨ ਕਮਲ ਸਾਹਿਬ (ਬਾਬਾ ਮੁਸਤਾਨ ਸਿੰਘ) ਮੋਗਾ ਰੋਡ ਬਾਘਾ ਪੁਰਾਣਾ ਮੋਗਾ ਵਿਖੇ ਕਰਾਇਆ ਜਾ ਰਿਹਾ ਹੈ।

ਉਨਾਂ ਨੇ ਪਾਣੀਆਂ ਦੀ ਰਾਖੀ ਲਈ ਆਪਣੀ ਜਾਨ ਵਾਰ ਦਿੱਤੀ । ਉਨ੍ਹਾਂ ਨੇ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾਂ ਨੂੰ ਸਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਨੇ ਕੌਮ ਦਾ ਸਿਰ ਫਖਰ ਨਾਲ ਉੱਚਾ ਕੀਤਾ ਅਤੇ ਸਿੱਖ ਕੌਮ ਦੇ ਹੱਕਾਂ ਲਈ ਲੜਦਿਆਂ ਆਪਣੀਆਂ ਕੁਰਬਾਨੀਆਂ ਦਿੱਤੀਆਂ। ਉਹਨਾਂ ਨੇ ਸਮੂਹ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਵੱਧ ਚੜ ਕੇ ਇਸ ਸਮਾਗਮ ਵਿੱਚ ਹਿੱਸਾ ਲਵੋ। ਇਸ ਮੌਕੇ ਸੁਖਵੀਰ ਸਿੰਘ, ਮਨਜਿੰਦਰ ਸਿੰਘ ਸੈਣੀ,ਹਰਜੀਤ ਸਿੰਘ ਸਰਪੰਚ,ਜਥੇਦਾਰ ਫੌਜਾ ਸਿੰਘ ਧਨੋਰੀ ,ਹਰਜੀਤ ਸਿੰਘ, ਨਵਜੋਤ ਸਿੰਘ, ਮਨਜੀਤ ਸਿੰਘ ਸਿੱਧੂ, ਪਰਮਜੀਤ ਸਿੰਘ ਭੰਗੂ, ਕੁਲਵੰਤ ਸਿੰਘ, ਮਨਜੀਤ ਸਿੰਘ ਕਲਸੀ ਲੁਧਿਆਣਾ, ਚਰਨਜੀਤ ਸਿੰਘ ਚੰਨੀ, ਸੁਖਵਿੰਦਰ ਸਿੰਘ ਲਾਡੀ, ਜਸਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਆਦਿ ਹਾਜਰ ਸਨ।

## ਮਿੰਨੀ ਕਹਾਣੀ ਸੰਗ੍ਰਹਿ ਖੂਹ ਦੀ ਆਵਾਜ਼ ਤੇ ਇੱਕ ਚਰਚਾ

ਪਰਗਟ ਸਿੰਘ ਜੰਬਰ ਭਾਵੇਂ ਬਹੁ ਵਿਧਾਵੀ ਲੇਖਕ ਹੈ । ਪਰ ਉਸਦਾ ਮੁੱਖ ਰੁਝਾਨ ਮਿੰਨੀ ਕਹਾਣੀ ਵੱਲ ਹੀ ਹੈ। ਲੰਮੇ ਸਮੇਂ ਤੋਂ ਇਸ ਵਿਧਾ 'ਤੇ ਹੱਥ ਅਜਮਾਈ ਕਾਰਨ ਉਸਦਾ ਮਿੰਨੀ ਕਹਾਣੀ ਉੱਪਰ ਆਬਰੂ ਬਾਦਸਤੂਰ ਜਾਰੀ ਹੈ। ਉਹ ਇੱਕ ਅਧਿਆਪਕ ਤੇ ਯੂਨੀਅਨ ਆਗੂ ਹੋਣ ਕਰਕੇ ਸਮਾਜ ਵਿੱਚਲੇ ਹਰ ਘਟਨਾ ਕ੍ਰਮ ਨੂੰ ਗਹੁ ਨਾਲ ਵਾਚਦਾ ਪਰਖਦਾ ਹੈ। ਤੇ ਉਹਨਾਂ ਵਿਚਲੀਆਂ ਵਿਸੰਗਤੀਆਂ ਤੇ ਵਿਰੋਧਤਾਵਾਂ ਨੂੰ



ਆਪਣੇ ਨਜ਼ਰੀਏ ਤੋਂ ਪੇਸ਼ ਕਰਕੇ ਮਿੰਨੀ ਕਹਾਣੀਆਂ ਵਿੱਚ ਪ੍ਰੋਅ ਦਿੰਦਾ ਹੈ। ਖੂਹ ਦੀ ਆਵਾਜ਼ ਉਸਦਾ ਦੂਸਰਾ ਮਿੰਨੀ ਕਹਾਣੀ ਸੰਗ੍ਰਹਿ ਹੈ। ਆਪਣੇ ਸੰਗ੍ਰਹਿ ਦੇ ਨਾਮ ਤੋਂ ਹੀ ਉਹ ਦੋ ਗੱਲਾਂ ਆਪ ਮੁਹਾਰੇ ਸਪੱਸ਼ਟ ਕਰ ਜਾਂਦਾ ਹੈ। ਇਕ ਤਾਂ ਇਹ ਇਕ ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਮਤਲਬ ਕਿ ਜਿਸ ਤਰ੍ਹਾਂ ਦੀ ਅਸੀ ਖੂਹ ਵਿੱਚ ਆਵਾਜ਼ ਦੇਵਾਗੇ ਮੋੜਵੀ ਆਵਾਜ਼ ਉਸਦੀ ਗੂੰਜ ਉਸਦੇ ਰੂਪ ਵਿੱਚ ਸਾਨੂੰ ਸੁਣਾਈ ਦੇਵੇਗੀ । ਦੂਜਾ ਇਹ ਕਿ ਉਹ ਆਪਣੀ ਕਿਤਾਬ ਦਾ ਨਾਮਕਰਨ ਇਸ ਢੰਗ ਨਾਲ ਕਰਦਾ ਹੈ ਕਿ ਉਸ ਨਾਂ ਵਿੱਚੋਂ ਵਿਲੱਖਣਤਾ ਨਜ਼ਰ ਆਵੇ । ਖੂਹ ਦਾ ਬਿੰਬ ਸਾਡੇ ਚੇਤਿਆਂ, ਸਾਹਿਤ ਤੇ ਸੱਭਿਆਚਾਰ ਵਿੱਚੋਂ ਅਲੋਪ ਹੋਣ ਦੀ ਕਾਗਾਰ ਤੇ ਹੈ । ਪਰ ਉਸਨੇ ਆਪਣੀ ਕਿਤਾਬ ਦਾ ਨਾਮ ਖੂਹ ਦਾ ਜ਼ਿਕਰ ਕਰਕੇ ਇਸ ਨੂੰ ਮੁੜ ਜੀਵਿਤ ਕਰ ਦਿੱਤਾ ਹੈ। ਮਿੰਨੀ ਕਹਾਣੀਆਂ ਦੇ ਨਾਮਕਰਨ ਵਿੱਚ ਵੀ ਲੇਖਕ ਪੂਰਾ ਸੁਚੇਤ ਦਿਖਾਈ ਦਿੰਦਾ ਹੈ। ਜਿਵੇਂ ਬਾਬੇ ਦਾ ਘੋੜਾ, ਬਰਫ ਦੀ ਗਰਮੀ, ਰਹਿਣ ਦਿਉ ਭੈਣ ਜੀ, ਮੈਂ ਗਾਂਧੀ ਨੂੰ ਨਹੀਂ ਜਾਣਦਾ, ਬਲਾਤਕਾਰ, ਬਾਬਾ ਨਾਨਕ ਗੈਰ ਹਾਜ਼ਰ, ਮੌਲਾ ਬਲਦ ਤੇ ਹਮ ਲੂਟਤੇ ਨਹੀਂ ਹੈ ਇਹ ਨਾਂ ਪੜ੍ਹਦਿਆਂ ਹੀ ਕਹਾਣੀ ਵਿੱਚ ਪਾਠਕ ਦੀ ਦਿਲਚਸਪੀ ਸਹਿਜ ਰੂਪ ਵਿੱਚ ਉਜਾਗਰ ਹੋ ਜਾਂਦੀ ਹੈ। ਇੰਨਾ ਹੀ ਨਹੀਂ ਉਸਦੀਆਂ ਕਹਾਣੀਆਂ ਦੇ ਵਿਸ਼ਿਆ ਦੀ ਚੋਣ ਵਿੱਚ ਵੰਨ ਸੁਵੰਨਤਾ ਹੈ। ਉਹ ਵਿੱਦਿਅਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਖੇਤਰ ਵਿੱਚਲੇ ਦਿਖਾਵਿਆਂ ਨੂੰ ਬੇ ਪਰਦਾ ਕਰਦਾ ਹੈ । ਜੱਗੋਂ ਤੇਰਵੀਂ ਕਹਾਣੀ ਵਿੱਚ ਉਹ ਔਰਤ ਨਾਲ ਹੋਈ ਮਨੋਵਿਗਿਆਨਕ ਤੇ ਸਰੀਰਕ ਬੇਇਨਸਾਫੀ ਨੂੰ ਬਾਖੂਬੀ ਬਿਆਨ ਕਰਦਾ ਹੈ । ਕਹਾਣੀ ਦੇ ਅੰਤ ਵਿੱਚ ਜਗੀਰੋ ਆਖਦੀ ਹੈ, " ਮੈਂ ਗਰੀਬ ਘਰ ਦੀ ਕੁੜੀ ਕੁਝ ਬੋਲ ਨਾ ਸਕੀ ਤੇਰਾ ਦਾਦਾ ਹੀ ਤੇਰਾ ਪਿਉ ਹੈ । ਹੁਣ ਦੱਸ ਜੱਗੋ ਤੇਰਵੀਂ ਕਿਸ ਨਾਲ ਹੋਈ ਹੈ ? ਪੁੱਤ ਮੈਂ ਤਾਂ ਤੈਨੂੰ ਵਾਰਿਸ ਬਣਾਉਣ ਵਾਲੀ ਮਸ਼ੀਨ ਹਾਂ "। ਇਹ ਬੋਲ ਪਾਠਕ ਨੂੰ ਨਾਲ ਲੈ ਕੇ ਤੁਰਦੇ ਹਨ । ਸਰਵਣ ਪੁੱਤ ਦਰਦ, ਖੁਰਦੇ ਰਿਸ਼ਤੇ, ਵਿਚੋਲਾ, ਅਸਲੀ ਪਿਉ, ਅੰਨੀ ਦੌੜ ਵਿੱਚ ਲੇਖਕ ਨੇ ਸਮੇਂ ਦੇ ਨਾਲ ਸਮਾਜਿਕ ਰਿਸ਼ਤਿਆਂ ਵਿੱਚ ਵਾਪਰਦੀਆਂ ਤਬਦੀਲੀਆਂ ਦਾ ਜ਼ਿਕਰ ਵੀ ਕੀਤਾ ਹੈ । ਫਰਕ, ਬੇਬਸੀ, ਭਵਿੱਖ ਕਹਾਣੀਆਂ ਸਿੱਖਿਆ ਵਿੱਚ ਹੋਏ ਪਰਿਵਰਤਨਾਂ ਵਿੱਚ ਉਂਗਲਾ ਉਠਾਉਂਦੀਆਂ ਹਨ । ਜੇਤੂ, ਚੇਨਤਾ ਦਾ ਪੱਧਰ, ਸਾਜ਼ਿਸ਼ ਕਹਾਣੀਆਂ ਸੰਘਰਸ਼ੀ ਜੀਵਨ ਦੀ ਪ੍ਰੇਰਨ ਤੇ ਸੰਘਰਸ਼ੀ ਲੋਕਾਂ ਦੇ ਕਿਰਦਾਰ ਨੂੰ ਪੇਸ਼ ਕਰਦੀਆਂ ਹਨ । ਪੰਜਾਬੀ ਸਾਹਿਤ ਜਗਤ ਵਿੱਚ ਖੂਹ ਦੀ ਆਵਾਜ਼ ਕਿਤਾਬ ਨੂੰ ਖੁਸ਼-ਆਮਦੀਦ ਆਖਦਾ ਹਾਂ ਜੋ ਪਾਠਕਾਂ ਨੂੰ ਸੋਚਣ ਤੇ ਵਿਚਾਰਨ ਲਈ ਪ੍ਰੇਰਦੀ ਹੈ ।

**ਕੁਲਵਿੰਦਰ ਸਿੰਘ ਮਲੋਟ 98760-64576**

# ਐਡ: ਸਤਨਾਮ ਸਿੰਘ ਰਾਹੀ ਦੇ ਜ਼ਿਲ੍ਹਾ ਪ੍ਰਧਾਨ ਬਣਨ ਦੀ ਤੇ ਵਰਕਰਾਂ ਨੇ ਵੰਡੇ ਲੱਡੂ

**ਤਪਾ ਮੰਡੀ, 8 ਜੁਲਾਈ (ਮੇਸ਼ੀ ਤਪਾ, ਗੁਰਪ੍ਰੀਤ ਸਿੰਘ, ਅਰੁਣ ਗੋਇਲ)**- ਸ਼੍ਰੋਮਣੀ ਅਕਾਲੀ ਦਲ ਹਲਕਾ ਭਦੌੜ ਦੇ ਇੰਚਾਰਜ ਅਤੇ ਵਰਕਿੰਗ ਕਮੇਟੀ ਮੈਂਬਰ ਐਡਵੋਕੇਟ ਸਤਨਾਮ ਸਿੰਘ ਰਾਹੀ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਬਰਨਾਲਾ ਜਿਲ੍ਹੇ (ਦਿਹਾਤੀ) ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਐਡਵੋਕੇਟ ਰਾਹੀ ਦੀ ਹੋਈ ਇਸ ਨਿਯੁਕਤੀ ਤੇ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੇ ਸਵਾਗਤ ਕਰਦਿਆਂ ਲੱਡੂ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਸ਼ਹਿਰੀ ਪ੍ਰਧਾਨ ਉਗਰ ਸੈਨ ਮੌੜ, ਸੀਨੀਅਰ ਅਕਾਲੀ ਆਗੂ ਗੁਰਮੀਤ ਸਿੰਘ ਰੋੜ ਸਾਬਕਾ ਕੌਂਸਲਰ ਅਤੇ ਮਾਸਟਰ ਪ੍ਰੇਮ ਨਾਥ ਨੇ ਕਿਹਾ ਕਿ ਐਡਵੋਕੇਟ ਰਾਹੀ ਨੇ ਅਕਾਲੀ ਦਲ ਵਿਚ ਦਿਨ ਰਾਤ ਕੰਮ ਕਰਕੇ ਜਿੱਥੇ ਪਾਰਟੀ ਵਿਚ ਅਹਿਮ ਸਥਾਨ ਬਣਾਇਆ ਉੱਥੇ ਹੀ ਹਲਕੇ ਭਦੌੜ ਦੇ ਸਮੂਹ ਵਰਕਰਾਂ ਨੂੰ ਇੱਕਜੁੱਟ ਕਰਕੇ ਰੱਖਿਆ ਹੈ। ਜਿਸਨੂੰ ਦੇਖਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਡਵੋਕੇਟ ਸਤਨਾਮ ਸਿੰਘ ਰਾਹੀ ਨੂੰ ਜਿਲ੍ਹਾ ਬਰਨਾਲਾ (ਦਿਹਾਤੀ) ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਐਡਵੋਕੇਟ ਰਾਹੀ ਦੀ ਇਸ ਨਿਯੁਕਤੀ ਤੇ ਸਮੂਹ ਵਰਕਰਾਂ ਨੇ ਉਹਨਾਂ ਨੂੰ ਮੁਬਾਰਕਵਾਦ ਦਿੱਤੀ। ਇਸ ਮੌਕੇ ਪਾਰਟੀ ਦੇ ਸਾਬਕਾ ਕੌਂਸਲਰ ਟੀਟੂ ਦੀਕਸ਼ਤ, ਲੱਕੀ ਭੱਟਾ, ਬੇਅੰਤ ਮਾਂਗਟ, ਬਲਜਿੰਦਰ ਸਿੰਘ, ਹਰਜਿੰਦਰ ਸਿੰਘ ਪਾਲੀ, ਸੰਦੀਪ ਕੁਮਾਰ, ਰਾਕੇਸ਼ ਕੁਮਾਰ ਟੋਨਾ,ਲਾਲੀ ਧੂਰਕੋਟੀਆ, ਸੰਦੀਪ ਕੁਮਾਰ ਫੁੱਲੂ ਧੋਲਾ, ਚਰਨਜੀਤ ਪੁਰਬਾ, ਸੁਰਿੰਦਰ ਖੱਟਰ, ਐਸ.ਕੁਮਾਰ, ਚਿਮਨ ਲਾਲ ਰਾਈਆ, ਗੁਰਮੇਲ ਸਿੰਘ, ਨਾਥ ਰਾਮ,ਗੋਗੀ ਮਹੰਤ, ਨਿਹਾਲ ਸਿੰਘ, ਹੰਸ ਰਾਜ ਬਿੱਲੂ ਢਿਲਵਾਂ, ਜੱਗੀ ਸਿੰਘ, ਬਿੱਟੂ ਬਰਾੜ,ਗੁਲਾਬ ਕਾਲਾ, ਪੱਪੂ ਮੌੜ, ਕੌਂਸਲਰ ਵਿਨੋਦ ਕਾਲਾ, ਕੇਸਰ ਸਿੰਘ, ਗੁਰਮੇਲ ਟੇਲਰ, ਕਾਲਾ ਜੋਗਾ, ਜੀਵਨ ਚੰਦੇਲ,ਨੰਬਰਦਾਰ ਭੋਲਾ ਸਿੰਘ, ਕ੍ਰਿਸ਼ਨ ਮਹੰਤ, ਅਲੋਕ ਮਿੱਤਲ, ਰਾਜੇਸ਼ ਗਰਗ, ਜਿੰਦੀ ਚੰਦੇਲ, ਦੇਵ ਰਾਜ ਗਰਗ, ਸਤੀਸ਼ ਕੁਮਾਰ ਆਦਿ ਵਰਕਰ ਮੌਜੂਦ ਸਨ।



# ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ 'ਚ ਮਿਫਕੋ ਅਤੇ ਹਿੰਦੋਸਤਾਨ ਬੈਕਟੈਕ ਕੰਪਨੀਆਂ ਦੇ ਜਿਪਸਮ ਦੀ ਵਿਕਰੀ 'ਤੇ ਲਗਾਈ ਰੋਕ

## ਸੁਪਰ ਜਿਪਸਮ ਦੀ ਵਿਕਰੀ ਦੇ ਮਾਮਲੇ ਵਿੱਚ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਦੀ ਵੀ ਕੀਤੀ ਅਚਨਚੇਤ ਜਾਂਚ ਤੇ ਭਰੇ ਸੈਂਪਲ



**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਰਵੀਨਾ ਅਰੋੜਾ, ਮਨਜੀਤ ਸਿੱਧੂ)** ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਅਤੇ ਡਾਇਰੈਕਟਰ ਖੇਤੀਬਾੜੀ ਜਸਵੰਤ ਸਿੰਘ ਦੇ ਹੁਕਮਾਂ ਤਹਿਤ ਡਾ. ਕਰਨਜੀਤ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫ਼ਸਰ ਦੀ ਅਗਵਾਈ ਹੇਠ ਡਾ. ਜਸ਼ਨਪ੍ਰੀਤ ਸਿੰਘ ਏ.ਡੀ.ਓ.(ਇਨ:), ਡਾ: ਸੁਖਜਿੰਦਰ ਸਿੰਘ ਏ.ਡੀ.ਓ.(ਪੀ.ਪੀ.), ਡਾ: ਹਰਜੀਤ ਸਿੰਘ ਏ.ਡੀ.ਓ.(ਸੀਡ) ਅਤੇ ਬਲਾਕਾਂ ਦੀਆਂ ਇਨਫੋਰਸਮੈਂਟ ਟੀਮਾਂ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਲਗਭਗ 40 ਸਹਿਕਾਰੀ ਸਭਾਵਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਸਹਿਕਾਰੀ ਸਭਾਵਾਂ ਵਿੱਚੋਂ ਜਿਪਸਮ ਦੇ ਤਿੰਨ ਅਤੇ ਖਾਦਾਂ ਦੇ ਚਾਰ ਸੈਂਪਲ ਭਰੇ ਗਏ। ਇਸ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਡਾ. ਗਿੱਲ ਵੱਲੋਂ ਸਹਿਕਾਰੀ ਸਭਾਵਾਂ ਦੇ ਸਕੱਤਰਾਂ ਨੂੰ ਤਾੜਨਾ ਕੀਤੀ ਕਿ ਉਹ ਕਿਸਾਨਾਂ ਨੂੰ ਜਿਪਸਮ ਨੂੰ ਸੁਪਰ ਖਾਦ ਕਹਿ ਕੇ ਗੁੰਮਰਾਹ ਕੀਤਾ ਗਿਆ ਹੈ ਅਤੇ ਵੱਧ ਰੇਟ ਤੇ ਵੇਚਿਆ ਗਿਆ ਹੈ। ਵਿਭਾਗ ਵੱਲੋਂ ਸਹਿਕਾਰੀ ਸਭਾਵਾਂ ਦੇ ਡਿਪਟੀ ਰਜਿਸਟਰਾਰ ਨੂੰ ਸਭਾਵਾਂ ਵਿੱਚ ਖਾਦ ਕੰਟਰੋਲ ਹੁਕਮ 1985 ਤਹਿਤ ਕਾਰੋਬਾਰ ਨਾ ਕਰਨ ਬਾਰੇ ਵੀ ਸੂਚਿਤ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਾਰੀਆਂ ਸਹਿਕਾਰੀ ਸਭਾਵਾਂ ਵਿੱਚ ਪਏ ਮੈਸ: ਮਿਫਕੋ ਅਤੇ ਮੈਸ: ਹਿੰਦੋਸਤਾਨ ਬੈਕਟੈਕ ਪ੍ਰਾਈ: ਲਿਮ: ਕੰਪਨੀ ਦੇ ਜਿਪਸਮ ਦੀ ਵਿਕਰੀ ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾ ਦਿੱਤੀ ਗਈ ਹੈ। ਡਾ: ਗਿੱਲ ਵੱਲੋਂ ਕਿਸਾਨਾਂ ਨੂੰ ਵਿਸ਼ਵਾਸ਼ ਦਿਵਾਉਂਦੇ ਕਿਹਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਹਿਕਾਰੀ ਸਭਾਵਾਂ ਦੀ ਲਗਾਤਾਰ ਚੈਕਿੰਗ ਅਤੇ ਸੈਂਪਲਿੰਗ ਕੀਤੀ ਜਾਵੇਗੀ ਤਾਂ ਜੋ ਕਿਸਾਨਾਂ ਨੂੰ ਉਚ ਮਿਆਰੀ ਖੇਤੀ ਇਨਪੁਟਸ ਮੁਹੱਈਆ ਕਰਵਾਏ ਜਾ ਸਕਣ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸੇ ਕਿਸਮ ਦੀ ਤਕਨੀਕੀ ਜਾਣਕਾਰੀ ਲੈਣ ਲਈ ਆਪਣੇ ਇਲਾਕੇ ਦੇ ਖੇਤੀਬਾੜੀ ਵਿਕਾਸ ਅਫ਼ਸਰ ਜਾਂ ਹੈਲਪ ਡੈਸਕ ਨੰਬਰ 98781—66287 ਤੇ ਸੰਪਰਕ ਕਰਨ।

# ਪਿੰਡ ਉਦੇਕਰਨ ਦੀ ਪੰਚਾਇਤ ਦਾ ਉਪਰਾਲਾ, ਸੀ.ਐਮ. ਦੀ ਯੋਗਸ਼ਾਲਾ 'ਚ ਯੋਗ ਕਰਨ ਵਾਲੇ ਪਿੰਡ ਵਾਸੀਆਂ ਨੂੰ ਮੁਹੱਈਆ ਕਰਵਾਏ ਮੈਟ




**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਰਵੀਨਾ ਅਰੋੜਾ, ਮਨਜੀਤ ਸਿੱਧੂ)** ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰੰਗਲੇ ਪੰਜਾਬ ਬਣਾਉਣ ਦੇ ਉਦੇਸ਼ ਦੀ ਪੂਰਤੀ ਲਈ ਸੂਬੇ ਅੰਦਰ ਸੀ.ਐਮ. ਦੀ ਯੋਗਸ਼ਾਲਾ ਚਲਾਈ ਜਾ ਰਹੀ ਹੈ। ਪਿੰਡਾਂ ਦੀਆਂ ਪੰਚਾਇਤਾਂ ਅਤੇ ਸੀ.ਐਮ. ਦੀ ਯੋਗਸ਼ਾਲਾ ਦੀਆਂ ਟੀਮਾਂ ਵੱਲੋਂ ਇਸ ਪ੍ਰੋਜੈਕਟ ਨੂੰ ਸਫਲਤਾ ਪੂਰਵਕ ਚਲਾਇਆ ਜਾ ਰਿਹਾ ਹੈ।

ਇਸੇ ਲੜੀ ਤਹਿਤ ਅੱਜ ਪਿੰਡ ਉਦੇਕਰਨ ਦੀ ਪੰਚਾਇਤ ਵੱਲੋਂ ਸੀ.ਐਮ ਦੀ ਯੋਗਸ਼ਾਲਾ 'ਚ ਯੋਗਾ ਕਰਨ ਵਾਲਿਆਂ ਨੂੰ ਯੋਗਾ ਮੈਟ ਮੁਹਈਆ ਕਰਵਾਏ ਗਏ ਤਾਂ ਜੋ ਉਹ ਹੋਰ ਬਿਹਤਰ ਤਰੀਕੇ ਨਾਲ ਯੋਗਾ ਨੂੰ ਕਰ ਸਕਣ ਤੇ ਤੰਦਰੁਸਤ ਬਣ ਸਕਣ। ਇਸ ਮੌਕੇ ਪਿੰਡ ਦੇ ਸਰਪੰਚ ਸੁਖਚਰਨ ਸਿੰਘ ਨਿੱਕਾ ਨੇ ਕਿਹਾ ਕਿ ਪਿੰਡ ਵਾਸੀਆਂ ਦੀ ਯੋਗਾ ਪ੍ਰਤੀ ਦਿਲਚਸਪੀ ਨੂੰ ਵੇਖਦੇ ਹੋਏ ਇਹ ਉਪਰਾਲਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਯੋਗਾ ਦਾ ਵੱਧ ਤੋਂ ਵੱਧ ਲਾਭ ਉਠਾਓ, ਰੋਗ ਭਜਾਉ ਤੇ ਤੰਦਰੁਸਤੀ ਪਾਓ ਤਹਿਤ ਯੋਗ ਸ਼ਾਲਾ ਚਲਾਈ ਜਾ ਰਹੀ ਹੈ। ਸੀ.ਐਮ. ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਅਜ਼ਾਦ ਸਿੰਘ ਨੇ ਦੱਸਿਆ ਕਿ ਯੋਗਾ ਨਾ ਸਿਰਫ਼ ਅੰਦਰੂਨੀ ਅਤੇ ਬਾਹਰੀ ਸੁੰਦਰਤਾ ਨੂੰ ਵਧਾਉਂਦਾ ਹੈ, ਸਗੋਂ ਇਹ ਸਰੀਰ ਦੀ ਜੀਵਨਸ਼ਕਤੀ, ਮਾਸਪੇਸ਼ੀਆਂ ਅਤੇ ਅੰਦਰੂਨੀ ਅੰਗਾਂ ਦੇ ਕੰਮਕਾਜ ਨੂੰ ਵੀ ਵਧਾਉਂਦਾ ਹੈ। ਸੂਰਜ ਨਮਸਕਾਰ, ਪ੍ਰਾਣਾਯਾਮ, ਕਪਾਲਭਾਤੀ ਆਦਿ ਵਰਗੇ ਨਿਯਮਤ ਯੋਗਾ ਅਭਿਆਸ ਕਰਨ ਨਾਲ, ਇੱਕ ਵਿਅਕਤੀ ਆਪਣੀ ਜਵਾਨੀ ਅਤੇ ਆਕਰਸ਼ਕਤਾ ਨੂੰ ਜੀਵਨ ਭਰ ਬਣਾਈ ਰੱਖ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਸੀ.ਐਮ. ਦੀ ਯੋਗਸ਼ਾਲਾ' ਸਕੀਮ ਸੇਵਾ ਪੂਰੀ ਤਰ੍ਹਾਂ ਮੁਫ਼ਤ ਹੈ। ਇਸਦਾ ਉਦੇਸ਼ ਯੋਗਾ ਰਾਹੀਂ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਮੁਕਤ ਕਰਨਾ ਅਤੇ ਇਸਨੂੰ ਆਮ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਹੈ। ਜੇਕਰ ਕੋਈ ਵਿਅਕਤੀ ਆਪਣੇ ਇਲਾਕੇ ਵਿੱਚ ਯੋਗਾ ਕਲਾਸਾਂ ਸ਼ੁਰੂ ਕਰਨਾ ਚਾਹੁੰਦਾ ਹੈ ਤਾਂ ਉਹ ਸਰਕਾਰੀ ਹੈਲਪਲਾਈਨ 76694-00500 'ਤੇ ਸੰਪਰਕ ਕਰ ਸਕਦਾ ਹੈ। ਇਸ ਸਹੂਲਤ ਦਾ ਲਾਭ ਸਿਰਫ਼ 25 ਲੋਕਾਂ ਦਾ ਸਮੂਹ ਬਣਾ ਕੇ ਲਿਆ ਜਾ ਸਕਦਾ ਹੈ। ਯੋਗ ਰਾਹੀਂ ਸਿਹਤਮੰਦ ਅਤੇ ਸੰਤੁਲਿਤ ਜੀਵਨ ਵੱਲ ਚੁੱਕਿਆ ਗਿਆ ਇਹ ਕਦਮ ਪੰਜਾਬ ਦੇ ਲੋਕਾਂ ਲਈ ਪ੍ਰੇਰਨਾ ਸਰੋਤ ਬਣ ਰਿਹਾ ਹੈ। ਇਸ ਮੌਕੇ ਯੋਗਾ ਕਰਨ ਵਾਲੇ ਪਿੰਡ ਵਾਲੀਆਂ ਨੇ ਯੋਗਾ ਮੈਟ ਦੇਣ ਤੇ ਪੂਰੀ ਪੰਚਾਇਤ ਦਾ ਧੰਨਵਾਦ ਕੀਤਾ ਕਿ ਹੁਣ ਉਹ ਹੋਰ ਸੁਖਾਵੇਂ ਢੰਗ ਨਾਲ ਯੋਗਾ ਕਰ ਸਕਣਗੇ ਤੇ ਰੋਗਾਂ ਤੋਂ ਛੁਟਕਾਰਾ ਪਾ ਸਕਣਗੇ। ਇਸ ਦੇ ਨਾਲ ਨਾਲ ਉਹ ਯੋਗਾ ਟੀਚਰ ਪਵਨਦੀਪ ਕੌਰ ਦਾ ਵੀ ਧੰਨਵਾਦ ਕਰਦੇ ਹਨ ਜਿਨਾਂ ਦੀ ਬਦੌਲਤ ਉਹ ਵੱਖ-ਵੱਖ ਤਰ੍ਹਾਂ ਦੇ ਯੋਗ ਅਭਿਆਸ ਸਿੱਖ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਕੌਰ ਰਿਟਾ. ਪ੍ਰਿੰਸੀਪਲ, ਕਿਰਨਜੀਤ ਕੌਰ, ਜਸਪ੍ਰੀਤ ਕੌਰ ਮੈਂਬਰ ਪੰਚਾਇਤ, ਸਰਬਜੀਤ ਕੌਰ ਮੈਂਬਰ ਪੰਚਾਇਤ, ਕੁਲਬੀਰ ਕੌਰ ਆਂਗਣਵਾੜੀ ਵਰਕਰ, ਕਰਮਜੀਤ ਕੌਰ, ਰੇਖਾ ਰਾਣੀ, ਗੁਰਤੇਜ ਸਿੰਘ ਮੈਂਬਰ ਪੰਚਾਇਤ, ਗੁਰਮੀਤ ਸਿੰਘ, ਨਿਰਮਲ ਸਿੰਘ, ਚਰਨਜੀਤ ਕੌਰ, ਸੀਤਲ ਰਾਣੀ, ਲਾਭ ਸਿੰਘ ਮੈਂਬਰ ਪੰਚਾਇਤ, ਵੀਰਪਾਲ ਕੌਰ ਮੈਂਬਰ ਪੰਚਾਇਤ, ਅਮਨਦੀਪ ਕੌਰ, ਸੁਖਜਿੰਦਰ ਕੌਰ, ਜਸਪ੍ਰੀਤ ਕੌਰ ਮੈਂਬਰ ਪੰਚਾਇਤ ਵੀ ਹਾਜ਼ਰ ਸਨ।

# ਸ਼੍ਰੀ ਸ਼੍ਰੀ 108 ਮਹਾਰਾਜ ਬਣੀਆ ਰਾਮ ਜੀ ਪ੍ਰੀ ਨਿਰਵਾਣ ਦਿਵਸ ਮੌਕੇ 41ਵਾਂ ਸਤਿਸੰਗ ਸਮਾਗਮ ਅਤੇ ਭੰਡਾਰਾ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ



**ਸ੍ਰੀ ਮੁਕਤਸਰ ਸਾਹਿਬ, 08 ਜੁਲਾਈ (ਮਾਲਵਾ ਬਾਣੀ)**- ਸ਼੍ਰੀ ਸ਼੍ਰੀ 108 ਮਹਾਰਾਜ ਬਣੀਆ ਰਾਮ ਜੀ ਪ੍ਰੀ ਨਿਰਵਾਣ ਦਿਵਸ ਮੌਕੇ 41ਵਾਂ ਸਤਿਸੰਗ ਸਮਾਗਮ ਅਤੇ ਭੰਡਾਰਾ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਹ ਸਮਾਗਮ ਮਹਾਰਾਜ ਬਣੀਆ ਰਾਮ ਜੀ ਦੇ ਸਮਾਧੀ ਸਥਲ ਮੰਦਰ ਚੱਕ ਰਾਮ ਨਗਰ, ਬਠਿੰਡਾ ਰੋਡ ਵਿਖੇ ਕੀਤਾ ਗਿਆ। ਇਸ ਸਮਾਗਮ ਦੀ ਅਗਵਾਈ ਨਵਲ ਅਚਾਰਿਆ ਮਹਾਰਾਜ ਸ਼੍ਰੀ ਰੂਪ ਚੰਦ ਜੀ ਗੁਜਰਾਤੀ ਜੋਧਪੁਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਪੰਜ ਗੁਰੂ ਵੰਦਨਾ ਤੋਂ ਕੀਤੀ ਗਈ, ਜਿਸਦਾ ਗਾਇਨ ਸ਼੍ਰੀ ਖੇਮ ਸ਼ੰਕਰ ਸੂਰਤਗੜ੍ਹ ਰਾਜਸਥਾਨ ਵੱਲੋਂ ਕੀਤਾ ਗਿਆ। ਮਹਾਰਾਜ ਬਣੀਆ ਰਾਮ ਮੰਦਰ ਦੇ ਸੰਚਾਲਕ ਚੁੰਨੀ ਲਾਲ ਮਹਾਰਾਜ, ਤਾਰਾ ਚੰਦ ਮਹਾਰਾਜ, ਮਹਾਰਾਜ ਬਣੀਆ ਰਾਮ ਸੇਵਾ ਸਮਿਤੀ ਦੇ ਪ੍ਰਧਾਨ ਧਰਮਪਾਲ ਪਰਜਾਪਤੀ, ਮੀਤ ਪ੍ਰਧਾਨ ਮਨਦੀਪ ਮੁੰਨਾ ਨੇ ਦੱਸਿਆ ਕਿ ਸਤਿਸੰਗ ਸਮਾਗਮ ਵਿੱਚ ਪੰਜਾਬ ਦੇ ਵੱਖ-ਵੱਖ ਜਿਲਿਆਂ ਤੋਂ ਇਲਾਵਾ ਚੰਡੀਗੜ੍ਹ, ਸਿਰਸਾ, ਸੂਰਤਗੜ੍ਹ, ਜੋਧਪੁਰ ਤੋਂ ਵੀ ਸੰਤਾਂ ਮਹਾਂਪੁਰਖਾਂ ਨੇ ਸ਼ਿਰਕਤ ਕੀਤੀ ਅਤੇ ਆਪਣੀ ਬਾਣੀ ਨਾਲੀ ਸੰਗਤਾਂ ਨੂੰ ਨਿਹਾਲ ਕੀਤਾ। ਸੰਪੂਰਨ ਰਾਤਰੀ ਸਤਿਸੰਗ ਸਮਾਗਮ ਵਿੱਚ ਸੰਤ ਮਹਾਂਪੁਰਖਾਂ ਨੇ ਭਜਨਾਂ ਅਤੇ ਅਧਿਆਤਮਿਕ ਵਿਚਾਰਾਂ ਰਾਹੀਂ ਗੁਰੂ ਮਹਿਮਾ ਦਾ ਗੁਣਗਾਨ ਕੀਤਾ। ਪ੍ਰੈਸ ਸਕੱਤਰ ਚਮਨ ਪਰਜਾਪਤੀ ਨੇ ਮਹਾਰਾਜ ਸ਼੍ਰੀ ਬਣੀਆ ਰਾਮ ਜੀ ਦੀ ਜੀਵਨੀ 'ਤੇ ਚਾਨਣਾ ਪਾਇਆ। ਸਤਿਸੰਗ ਸਮਾਗਮ ਵਿੱਚ ਨਿਰਣਾਇਕ ਦੀ ਭੂਮਿਕਾ ਅਚਾਰੀਆ ਧਰਮਦਾਸ ਪਾਰਖੀ ਬਠਿੰਡਾ ਨੇ ਅਤੇ ਮੰਚ ਸੰਚਾਲਨ ਆਚਾਰੀਆ ਹੰਸ ਰਾਜ ਭਾਰਤੀ ਨਵਲ ਰਤਨ ਬਠਿੰਡਾ, ਅਦਿਤਆ ਦਾਸ ਫਾਜ਼ਿਲਕਾ ਨੇ ਨਿਭਾਈ। ਸਤਿਸੰਗ ਸਮਾਗਮ ਦੀ ਸਮਾਪਤੀ ਸਵੇਰੇ ਪੰਜ ਵਜੇ ਆਰਤੀ ਉਪਰੰਤ ਕੀਤੀ ਗਈ 6 ਜੁਲਾਈ ਨੇ ਸਵੇਰੇ ਤੋਂ ਗੁਰੂ ਮਹਾਰਾਜ ਜੀ ਦਾ ਪੂਰਾ ਦਿਨ ਅਟੁੱਟ ਭੰਡਾਰਾ ਵਰਤਾਇਆ ਗਿਆ। ਇਸਤੋਂ ਦਿਨਾ ਸਮਾਗਮ ਵਿੱਚ ਇਲਾਕੇ ਦੀ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਨੂੰ ਸੁਚਾਰੂ ਰੂਪ ਵਿੱਚ ਨੇਪੜੇ ਚਾੜਨ ਲਈ, ਗੁਰੂ ਮਹਾਰਾਜ ਜੀ ਦੇ ਦਰਬਾਰ ਦੇ ਸ਼ਰਧਾਲੂ, ਸੇਵਾਦਾਰ ਜਿਹਨਾਂ 'ਚ ਮੁੱਖ ਰੂਪ ਵਿੱਚ ਮਾਮਨ ਰਾਮ, ਦੌਲਤ ਰਾਮ, ਅਸ਼ੋਕ ਕੁਮਾਰ, ਚਿਮਨ ਲਾਲ, ਸੁਭਾਸ਼ ਚੰਦਰ, ਸੋਮਦੱਤ, ਸੁਰਿੰਦਰ ਕੁਮਾਰ, ਸਤਪਾਲ, ਸਮਿਤੀ ਦੇ ਸਕੱਤਰ ਪਵਨ ਪਰਜਾਪਤੀ, ਸ਼ਾਮ ਲਾਲ, ਰੱਖੀ ਰਾਮ, ਕਰਮ ਚੰਦ, ਵਰਿੰਦਰ ਕੁਮਾਰ, ਪੱਪੂ, ਸਾਹਿਲ, ਸੋਨੂੰ , ਪ੍ਰੇਮਪਾਲ, ਭਾਰਤ ਭੂਸ਼ਣ, ਵੇਦ ਪ੍ਰਕਾਸ਼, ਖੇਮ ਚੰਦ, ਪ੍ਰਵੀਨ ਕੁਮਾਰ, ਚੀਕੂ, ਵਿੱਕੀ, ਬੰਟੀ, ਪ੍ਰਕਾਸ਼, ਕੁਲਦੀਪ ਕਾਂਤੀ, ਰਾਜਨ, ਸਾਧੂ ਸਿੰਘ, ਛਿੰਦਰਪਾਲ, ਛੱਜੂ ਰਾਮ, ਵਿੱਕੀ, ਬਾਊ, ਕਾਲਾ, ਵਿਜੈ, ਸੰਜੇ ਕੁਮਾਰ ਨੇ ਵੱਖ-ਵੱਖ ਸੇਵਾ ਕਾਰਜਾਂ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੌਕੇ ਜਗਜੀਤ ਸਿੰਘ ਹਨੀ ਫੱਤਣਵਾਲਾ ਸਕਤਰ ਸ਼੍ਰੋਮਣੀ ਅਕਾਲੀ ਦਲ, ਬਾਵਾ ਯਾਦਵਿੰਦਰ ਸਿੰਘ ਲਾਲੀ, ਕਰਮਜੀਤ ਸਿੰਘ ਕਰਮਾ ਕਾਂਗਰਸੀ ਆਗੂ, ਰਿਖੀ ਰਾਮ ਈਟੀਓ, ਹਰਵਿੰਦਰ ਸਿੰਘ ਪੀਏ ਕੰਵਰਜੀਤ ਸਿੰਘ ਰੋਜੀ ਬਰਕੰਦੀ ਸਾਬਕਾ ਵਿਧਾਇਕ ਸ਼੍ਰੀ ਮੁਕਤਸਰ ਸਾਹਿਬ ਨੇ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾਈ। ਸਮਾਗਮ ਬਣੀਆ ਰਾਮ ਸੇਵਾ ਸਮਿਤੀ ਵੱਲੋਂ ਆਏ ਹੋਏ ਸੰਤਾਂ, ਮਹਾਂਪੁਰਖਾਂ ਅਤੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

# ਆਸ਼ਾ ਵਰਕਰ ਤੇ ਆਸ਼ਾ ਫੈਸਿਲੀਟੇਟਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਮੰਤਰੀ ਦੇ ਨਾਂ ਸਿਵਲ ਸਰਜਨ ਮਾਲੇਰਕੋਟਲਾ ਨੂੰ ਮੰਗ ਪੱਤਰ ਦਿੱਤਾ



**ਮਾਲੇਰਕੋਟਲਾ 8 ਜੁਲਾਈ (ਰਾਜੇਸ਼ ਸ਼ਰਮਾ)** ਜਿਲਾ ਪ੍ਰਧਾਨ ਮਨਜੀਤ ਕੌਰ ਖਾਲਸਾ ਲਸੋਈ, ਮੀਤ ਪ੍ਰਧਾਨ ਭੋਲੀ ਅਤੇ ਜਿਲਾ ਜਰਨਲ ਸਕੱਤਰ ਜਸਵੰਤ ਕੌਰ-ਅਹਿਮਦਗੜ ਮੰਡੀ, ਕੁਲਦੀਪ ਕੋਰ ਖੁਰਦ ਜ਼ਿਲਾ ਕੈਸ਼ੀਅਰ ਪ੍ਰਧਾਨ-ਮੀਤ ਪ੍ਰਧਾਨ ਸਰਬਜੀਤ ਕੌਰ ਲਾਗੜੀਆਂ ਜ਼ਿਲ੍ਹਾ ਪ੍ਰੈਸ ਸਕੱਤਰ ਰੁਪਿੰਦਰ ਕੌਰ ਅਹਿਮਦਗੜ ਮੰਡੀ, ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਮੰਤਰੀ ਦੇ ਨਾਂ ਤੇ ਸਿਵਲ ਸਰਜਨ ਮਾਲੇਰ ਕੋਟਲਾ ਸੰਜੇ ਗੋਇਲ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਪ੍ਰਧਾਨ ਮਨਜੀਤ ਕੌਰ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਸੈਂਟਰ ਸਰਕਾਰ ਦੀ (NHM) ਸਕੀਮ ਰਾਹੀ ਸਹਿਤ ਵਿਭਾਗ ਸੇਵਾਂਵਾ ਘਰ-ਘਰ ਤੱਕ ਪਹੁੰਚਾਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ।ਜਿਸਦੀ ਉਦਾਰਹਨ ਕਰੋਨਾਂ ਮਹਾਂਵਾਰੀ ਦੌਰਾਨ ਆਪਣੀ ਜਾਨ ਜੋਖਿਮ ਵਿੱਚ ਪਾ ਕੇ ਲੋਕਾਂ ਦੀਆਂ ਜਾਨਾਂ ਬਚਾਈਆਂ, ਹਰ ਘਰ- ਹਰ ਵਰਗ ਤੱਕ ਅਨੇਕਾਂ ਪ੍ਰਕਾਰ ਦੀ ਸੇਵਾਵਾਂ ਪਹੁੰਚਾਈਆਂ ਜਿਸ ਤੋਂ ਖੁਸ਼ ਹੋ ਕੇ ਭਾਰਤ ਸਰਕਾਰ ਵੱਲੋ 10 ਲੱਖ ਆਸ਼ਾਂ ਵਰਕਰਾਂ ਨੂੰ ਗਲੋਬਲ ਐਵਾਰਡ ਨਾਲ ਨਿਵਾਜਿਆ ਗਿਆ। ਜਿਸ ਕਾਰਨ ਆਸ਼ਾ ਵਰਕਰਾਂ ਤੇ ਫੈਸਿਲੀਟੇਟਰ ਨੂੰ ਭਾਰਤ ਸਰਕਾਰ ਤੋ ਬਹੁਤ ਉਮੀਦ ਸੀ ਕਿ ਸਾਡੇ ਇੰਨਸੈਂਟਿਵ ਡਬਲ ਕੀਤੇ ਜਾਣਗੇ ਪਰੰਤੂ ਅਫਸੋਸ ਸਗੋਂ ਉਲਟ ਸਾਡੇ ਮੇਨ ਜੱਚਾ/ਬੱਚਾ ਦੇ ਕਈ ਪ੍ਰਕਾਰ ਦੇ ਇੰਨਸੈਂਟਿਵ ਕੱਟ ਦਿੱਤੇ ਗਏ ਹਨ ਜੋ ਕਿ ਬਹਾਲ ਕੀਤੇ ਜਾਣ। ਇਹ ਕਿ ਅਤਿ ਦੀ ਮਹਿੰਗਾਈ ਦੇ ਯੁੱਗ ਵਿੱਚ ਨਿਗੂਣੇ ਜਿਹੇ ਇੰਨਸੈਂਟਿਵ ਤੇ ਗੁਜਾਰਾ ਕਰਨਾ ਬੇਹੱਦ ਮੁਸ਼ਕਿਲ ਹੀ ਨਹੀਂ ਇਕ ਚੁਣੌਤੀ ਵੀ ਹੈ। ਪ੍ਰਧਾਨ ਮਨਜੀਤ ਕੌਰ ਖਾਲਸਾ ਨੇ ਕਿਹਾ ਕਿ ਅਸੀਂ ਮੰਗ ਪੱਤਰ ਰਾਹੀਂ ਬੇਨਤੀ ਕਰਦੇ ਹਾਂ ਕਿ ਸਾਡੇ ਕੱਟੇ ਇੰਨਸੈਂਟਿਵ ਬਹਾਲ ਕੀਤੇ ਜਾਣ ਅਤੇ ਅਸੀਂ ਤੁਹਾਡੇ ਤੋਂ ਉਮੀਦ ਕਰਦੇ ਹਾਂ ਕਿ (700/- ਰੁਪਏ ਪਰ ਡੇ) ਮਿੰਨੀਮਮਵੇਜ ਲਾਗੂ ਕੀਤਾ ਜਾਵੇ ਅਤੇ ਮੰਗ ਪੱਤਰ ਵਿੱਚ ਲਿਖਿਆ ਮੰਗਾਂ ਪੂਰੀਆਂ ਕਰਨ ਅਤੇ ਮਹਿਕਮੇ ਦੇ ਅੰਦਰ 30 ਸਾਲ ਸੇਵਾ ਕਰਨ ਉਪਰੰਤ ਸੇਵਾ ਮੁਕਤ ਕਰਨ ਸਮੇਂ ਰਲੀਫ ਫੰਡ (ਗ੍ਰੈਚੁਟੀ) ਦੇ ਕੇ ਪੰਜਾਬ ਭਰ ਦੀਆਂ ਆਸ਼ਾ-ਵਰਕਰਾਂ ਤੇ ਫੈਸਿਲੀਟੇਟਰਾਂ ਦੀਆਂ ਤੇ ਸਮੇਤ ਪਰਿਵਾਰ ਦੇ ਅਹਿਸਾਨਮੰਦ ਬਣੋਗੇਂ। ਪ੍ਰਧਾਨ ਮਨਜੀਤ ਕੌਰ ਖਾਲਸਾ ਨੇ ਕਿਹਾ ਕਿ ਇਹ ਮੰਗਾਂ ਦੇ ਨਿਪਟਾਰੇ ਲਈ ਅੱਜ 09 ਜੁਲਾਈ ਨੂੰ ਪੂਰੇ ਭਾਰਤ ਸਮੇਤ ਪੰਜਾਬ ਭਰ ਦੀਆਂ ਵਰਕਰਾਂ ਵੱਲੋ ਇਕ ਰੋਜਾ ਕੰਮ ਛੋੜ ਹੜਤਾਲ ਹੈ। ਜੇਕਰ ਮੰਗਾਂ ਦਾ ਨਿਪਟਾਰਾ ਨਾ ਹੋਇਆ ਤਾਂ ਸੰਘਰਸ਼ ਤੇਜ ਤੇ ਤਿਖਾ ਕੀਤਾ ਜਾਵੇਗਾ। ਇਸ ਮੌਕੇ ਮਨਜੀਤ ਕੌਰ ਖਾਲਸਾ ਲਸੋਈ ਜ਼ਿਲ੍ਹਾ ਪ੍ਰਧਾਨ- ਜਸਵੰਤ ਕੌਰ, ਰੁਪਿੰਦਰ ਕੌਰ, ਕਮਲਜੀਤ ਕੌਰ, ਬਲਜੀਤ ਕੌਰ ਫੈਸਿਲੀਟੇਟਰ ਮੋਰਾਂਵਾਲੀ, ਬਲਵੀਰ ਕੌਰ ਸੇਹਕੇ, ਬਲਜੀਤ ਕੋਰ 16 ਫਤਿਹਗੜ ਪੰਜਗਰਾਈਆਂ, ਕੁਲਦੀਪ ਕੌਰ 16 ਪੰਜਗਰਾਈਆਂ, ਜਰਵੀਰ ਕੌਰ, ਸਰਬਜੀਤ ਕੌਰ, ਗੁਰਪ੍ਰੀਤ ਕੌਰ ਅਕਸਰ, ਜਗਜੀਤ ਕੌਰ, ਗੁਰਪ੍ਰੀਤ ਕੌਰ ਅਤੇ ਭੋਲੀ ਹਾਜਰ ਹੋਏ ਸਨ।

# ਡਾ. ਗੁਰਤੇਜ ਕੋਟੜਾ ਸਰਬਸੰਮਤੀ ਨਾਲ ਤੀਸਰੀ ਵਾਰ ਬਣੇ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ



**ਭੀਖੀ, 8 ਜੁਲਾਈ (ਸੰਦੀਪ ਤਾਇਲ/ਅਜੇ ਸ਼ਰਮਾ)** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ (ਰਜਿ. 295) ਬਲਾਕ ਭੀਖੀ ਦਾ ਚੋਣ ਇਜਲਾਸ ਸੂਬਾ ਪ੍ਰਧਾਨ ਡਾ. ਜਸਵਿੰਦਰ ਸਿੰਘ ਕਾਲਖ ਦੇ ਦਿਸ਼ਾ ਨਿਰਦੇਸ਼ ਹੇਠ ਸੂਬਾ ਮੀਤ ਪ੍ਰਧਾਨ ਡਾ. ਜਸਵੀਰ ਸਿੰਘ ਗੜ੍ਹੱਦੀ ਅਤੇ ਜਿਲ੍ਹਾ ਪ੍ਰਧਾਨ ਡਾ. ਹਰਦੀਪ ਸਿੰਘ ਦੀ ਅਗਵਾਈ ਵਿੱਚ ਹੋਇਆ। ਇਸ ਦੌਰਾਨ ਜਿਲ੍ਹਾ ਚੇਅਰਮੈਨ ਡਾ. ਪਾਲ ਦਾਸ ਗੜ੍ਹੱਦੀ ਨੇ ਝੰਡੇ ਦੀ ਰਸਮ ਅਦਾ ਕੀਤੀ ਅਤੇ ਬਲਾਕ ਸਕੱਤਰ ਡਾ. ਹਰਜਿੰਦਰ ਸਿੰਘ ਵਲੋਂ ਰਿਪੋਰਟ ਪੇਸ਼ ਕੀਤੀ ਗਈ। ਬਲਾਕ ਪ੍ਰਧਾਨ ਡਾ. ਗੁਰਤੇਜ ਕੋਟੜਾ ਨੇ ਬਲਾਕ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਅਤੇ ਇਸ ਉਪਰੰਤ ਪੁਰਾਣੀ ਕਮੇਟੀ ਭੰਗ ਕੀਤੀ ਗਈ ਅਤੇ ਨਵੀਂ ਚੋਣ ਕੀਤੀ ਗਈ। ਚੋਣ ਦੌਰਾਨ ਡਾ. ਗੁਰਤੇਜ ਸਿੰਘ ਕੋਟੜਾ ਨੂੰ ਸਰਵਸੰਮਤੀ ਨਾਲ ਲਗਾਤਾਰ ਤੀਜੀ ਵਾਰ ਬਲਾਕ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਜਨਰਲ ਸਕੱਤਰ ਡਾ. ਹਰਜਿੰਦਰ ਸਿੰਘ, ਸਹਾਇਕ ਸਕੱਤਰ ਡਾ. ਬਲਕਰਨ ਸਿੰਘ, ਕੈਸ਼ੀਅਰ ਡਾ. ਹਰਦੀਪ ਸਿੰਘ ਸਮਾਉਂ, ਪ੍ਰੈਸ ਸਕੱਤਰ ਡਾ. ਮਹਾਂਵੀਰ ਪ੍ਰਸ਼ਾਦ, ਚੇਅਰਮੈਨ ਡਾ. ਜਗਸੀਰ ਸਿੰਘ ਗੋਰਾ, ਸਲਾਹਕਾਰ ਡਾ. ਰਾਜ ਖਾਨ ਅਤੇ ਡਾ. ਗੁਰਤੇਜ ਸ਼ਰਮਾ, ਮੀਤ ਪ੍ਰਧਾਨ ਡਾ. ਸੱਤਪਾਲ ਸਿੰਘ ਚੁਣੇ ਗਏ। ਇਜਲਾਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਖੁਸ਼ਵਿੰਦਰ ਮਾਨ ਨੇ ਬਲਾਕ ਕਮੇਟੀ ਨੂੰ ਵਧਾਈ ਦਿੱਤੀ ਅਤੇ ਹੱਡੀਆਂ ਨਾਲ ਸਬੰਧਤ ਬਿਮਾਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਰਿੰਕੂ ਰਿਸ਼ੀ, ਡਾ. ਗੁਰਸੇਵਕ ਸਿੰਘ, ਡਾ. ਕੋਮਲਪ੍ਰੀਤ ਸਿੰਘ, ਡਾ. ਹਾਕਮ ਖਾਨ, ਡਾ. ਇਕਬਾਲ ਖਾਨ, ਡਾ. ਸਤਵਿੰਦਰ ਪਾਲ, ਡਾ. ਅਮਰੀਕ ਖਾਨ, ਡਾ. ਸੁਖਜਿੰਦਰ ਖਾਨ, ਡਾ. ਵਿਕਾਸ ਕੁਮਾਰ, ਡਾ. ਹੈਪੀ ਦਾਸ, ਡਾ. ਬਬਲੀ ਸਿੰਘ, ਡਾ. ਕੁਲਦੀਪ ਸਿੰਘ ਆਦਿ ਮੌਜੂਦ ਸਨ।

# ਔਰਤ ਮੁਕਤੀ ਦਾ ਪ੍ਰਤੀਕ ਸ਼ਹੀਦ ਕਿਰਨਜੀਤ ਕੌਰ ਦੇ 28ਵੇਂ ਬਰਸੀ ਸਮਾਗਮ ਦੀਆਂ ਤਿਆਰੀਆਂ ਸ਼ੁਰੂ

## ਯਾਦਗਾਰ ਕਮੇਟੀ ਨੇ ਅੱਜ 9 ਜੁਲਾਈ ਨੂੰ ਬਾਅਦ ਦੁਪਹਿਰ 2.30 ਵਜੇ ਸੱਦੀ ਮੀਟਿੰਗ





**ਮਹਿਲਕਲਾਂ 8 ਜੁਲਾਈ (ਜਗਸੀਰ ਸਿੰਘ ਧਾਲੀਵਾਲ ਸਹਿਜੜਾ)**: ਔਰਤ ਮੁਕਤੀ ਦਾ ਪ੍ਰਤੀਕ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੇ ਹਰ ਸਾਲ 12 ਅਗਸਤ ਨੂੰ ਮਨਾਏ ਜਾਣ ਵਾਲੇ ਬਰਸੀ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਯਾਦਗਾਰ ਕਮੇਟੀ ਦੇ ਬੁਲਾਰੇ ਨਰਾਇਣ ਦੱਤ ਨੇ ਦੱਸਿਆ ਕਿ ਅੱਜ 9 ਜੁਲਾਈ ਨੂੰ ਸ਼ਹੀਦ ਬੀਬੀ ਕਿਰਨਜੀਤ ਕੌਰ ਦੇ 28ਵੇਂ ਬਰਸੀ ਸਮਾਗਮ ਦੀਆਂ ਤਿਆਰੀਆਂ ਵਜੋਂ ਯਾਦਗਾਰ ਕਮੇਟੀ ਦੇ ਕਨਵੀਨਰ ਗੁਰਬਿੰਦਰ ਸਿੰਘ ਕਲਾਲਾ ਦੀ ਪ੍ਰਧਾਨਗੀ ਹੇਠ ਗੁਰੂਦਵਾਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲਕਲਾਂ ਵਿਖੇ ਮੀਟਿੰਗ ਬਾਅਦ ਦੁਪਹਿਰ 2.30 ਵਜੇ ਹੋਵੇਗੀ। ਇਸ ਮੀਟਿੰਗ ਵਿੱਚ ਬਰਸੀ ਸਮਾਗਮ ਦੀ ਸਮੁੱਚੀ ਵਿਉਂਤਬੰਦੀ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ। ਇਸ ਬਾਰੇ ਗੱਲਬਾਤ ਸਾਂਝੀ ਕਰਦਿਆਂ ਯਾਦਗਾਰ ਕਮੇਟੀ ਦੇ ਆਗੂਆਂ ਮਨਜੀਤ ਧਨੇਰ, ਪ੍ਰੇਮ ਕੁਮਾਰ ਅਤੇ ਜਰਨੈਲ ਸਿੰਘ ਨੇ ਦੱਸਿਆ ਕਿ ਯਾਦ ਰਹੇ ਕਿ 29 ਜੁਲਾਈ 1997 ਨੂੰ ਇੱਕ ਕਾਲਜ ਵਿਦਿਆਰਥਣ ਕਿਰਨਜੀਤ ਕੌਰ ਨੂੰ ਕਾਲਜ ਤੋਂ ਵਾਪਸ ਘਰ ਪਰਤਦਿਆਂ ਬਦਨਾਮ ਗੁੰਡਾ ਟੋਲੇ ਵੱਲੋਂ ਰਸਤੇ ਵਿੱਚ ਅਗਵਾ ਕਰਨ ਉਪਰੰਤ ਸਮੂਹਿਕ ਜ਼ਬਰ ਜਿਨਾਹ ਕਰਕੇ ਕਤਲ ਕਰਨ ਤੋਂ ਬਾਅਦ ਲਾਸ਼ ਨੂੰ ਖੇਤਾਂ ਵਿੱਚ ਦੱਬ ਦਿੱਤਾ ਗਿਆ ਸੀ। ਐਕਸ਼ਨ ਕਮੇਟੀ ਮਹਿਲਕਲਾਂ ਦੀ ਅਗਵਾਈ ਹੇਠ ਲੜੇ ਗਏ ਵਿਸ਼ਾਲ ਸਾਂਝੇ ਲੋਕ ਘੋਲ ਦੀ ਬਦੌਲਤ ਹੀ ਦਹਾਕਿਆਂ ਬੱਧੀ ਸਮੇਂ ਤੋਂ ਉੱਸਰੇ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਨੂੰ 'ਜਬਰ ਖਿਲਾਫ਼ ਟਾਕਰੇ' ਦੀ ਲਹਿਰ ਰਾਹੀਂ ਹਰਾਕੇ ਇਨਸਾਫ਼ ਹਾਸਲ ਕੀਤਾ ਗਿਆ ਸੀ। ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਅਤੇ ਦੋਸ਼ੀਆਂ ਦੀ ਪਿੱਠ ਪੂਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਨੌਕਰੀ ਤੋਂ ਬਰਖਾਸਤਗੀ ਅਤੇ ਗੁੰਡਾ ਟੋਲੇ ਦੀ ਸਿਆਸੀ ਢਾਲ ਬਣੇ ਸਿਆਸਤਦਾਨਾਂ ਨੂੰ ਲੋਕ ਸੱਥਾਂ ਵਿੱਚ ਬੇਪਰਦ ਕੀਤਾ ਗਿਆ ਸੀ।ਅੱਜ ਵੀ ਔਰਤ ਵਰਗ ਨੂੰ ਵਡੇਰੀਆਂ ਢਾਂਚਾਗਤ ਚੁਣੌਤੀਆਂ ਦਰਪੇਸ਼ ਹਨ। ਸ਼ਹੀਦ ਕਿਰਨਜੀਤ ਕੌਰ ਦੀ ਸ਼ਹਾਦਤ ਔਰਤ ਮੁਕਤੀ ਸੰਗਰਾਮ ਲਈ ਪ੍ਰੇਰਨਾ ਸਰੋਤ ਹੈ। ਹਰ ਸਾਲ ਦੀਆਂ 12 ਅਗਸਤ ਨੂੰ ਦਾਣਾ ਮੰਡੀ ਮਹਿਲਕਲਾਂ ਵਿਖੇ ਮਨਾਏ ਜਾਣ ਵਾਲੇ ਬਰਸੀ ਸਮਾਗਮ ਦੀਆਂ ਤਿਆਰੀਆਂ, ਮੌਜੂਦਾ ਹਾਲਤਾਂ ਵਿੱਚ ਦਰਪੇਸ਼ ਵੰਗਾਰਾਂ ਸਬੰਧੀ ਗੰਭੀਰ ਵਿਚਾਰ ਚਰਚਾ ਕੀਤੀ ਜਾਵੇ। ਉਹਨਾਂ ਨੇ ਯਾਦਗਾਰ ਕਮੇਟੀ ਦੇ ਸਮੂਹ ਮੈਂਬਰਾਂ ਨੂੰ 9 ਜੁਲਾਈ ਨੂੰ ਬਾਅਦ ਦੁਪਹਿਰ 2.30 ਵਜੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲਕਲਾਂ ਵਿਖੇ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ। ਯਾਦਗਾਰ ਕਮੇਟੀ ਮਹਿਲਕਲਾਂ ਨੇ ਦੇਸ਼ ਵਿਦੇਸ਼ ਵਿੱਚ ਇਸ ਲੋਕ ਘੋਲ ਦੀ ਢਾਲ ਅਤੇ ਤਲਵਾਰ ਬਣੇ ਸਹਿਯੋਗੀਆਂ ਬਰਸੀ ਸਮਾਗਮ ਨੂੰ ਸਫਲ ਬਣਾਉਣ ਲਈ ਤਿਆਰ ਰਹਿਣ ਦੀ ਅਪੀਲ ਕੀਤੀ ਹੈ।

# ਝੋਨੇ ਦੀ ਪਰਾਲੀ ਤੇ ਹੋਰ ਫਸਲਾਂ ਦੀ ਰਹਿੰਦ ਖੂੰਹਦ ਦੀ ਸਾਂਭ ਸੰਭਾਲ ਲਈ ਕੰਬਾਇਨ ਮਾਲਕਾਂ ਨਾਲ ਕੀਤੀ ਮੀਟਿੰਗ






**ਪਾਤੜਾਂ 8 ਜੁਲਾਈ (ਜਸਵਿੰਦਰ ਸਿੰਘ ਪਾਰਸ)** ਮਾਨਯੋਗ ਡਿਪਟੀ ਕਮਿਸਨਰ ਪ੍ਰੀਤੀ ਯਾਦਵ ਪਟਿਆਲਾ ਦੇ ਹੁਕਮਾ ਅਨੁਸਾਰ ਅਤੇ ਐਸ.ਡੀ.ਐ ਰਿਚਾ ਗੋਇਲ ਦੀ ਪ੍ਰਧਾਨਗੀ ਹੇਠ ਬਲਾਕ ਖੇਤੀਬਾੜੀ ਅਫਸਰ ਸਤੀਸ ਕੁਮਾਰ ਵੱਲੋ ਬਲਾਕ ਸਮਾਣਾ ਦੇ ਸਮੂਹ ਕੰਬਾਇਨ ਮਾਲਕਾ ਨਾਲ ਝੋਨੇ ਦੀ ਪਰਾਲੀ ਅਤੇ ਹੋਰ ਫਸਲਾ ਦੀ ਰਹਿੰਦ -ਖੂੰਹਦ ਨੂੰ ਸਭੰਲਣ ਸਬੰਧੀ ਵਿਚਾਰ ਵਟਾਦਰਾ ਕੀਤਾ ਗਿਆ ਤਾਂ ਜੋ ਕਿ ਬਲਾਕ ਸਮਾਣਾ ਵਿੱਚ 0% ਬਰਨਿੰਗ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ। ਮੀਟਿੰਗ ਵਿੱਚ ਹਾਜਰ ਕਿਸਾਨਾ ਨੂੰ ਸਬੋਧਨ ਕਰਦਿਆ ਹੋਇਆ ਖੇਤੀਬਾੜੀ ਅਫਸਰ ਵੱਲੋ ਕਿਸਾਨਾ ਨੂੰ ਬੇਨਤੀ ਕੀਤੀ ਗਈ ਕਿ ਉਹ ਝੋਨੇ ਦੀ ਕਟਾਈ ਕੰਬਾਇਨਾ ਨਾਲ ਸੁਪਰ ਐਸਐਮਐਸ ਲਗਾ ਕਿ ਕੀਤੀ ਜਾਵੇ ਅਤੇ ਇਸ ਉਪਰੰਤ ਸੁਪਰ ਸੀਡਰ ,ਹੈਪੀ ਸੀਡਰ.ਐਮ.ਪੀ ਪਲਾਉ ,ਸਮਾਰਟ ਸੀਡਰ,ਸਰਫੇਸ ਸੀਡਰ,ਆਦਿ ਮਸੀਨਾ ਵਰਤਕੇ ਝੋਨੇ ਦੀ ਪਰਾਲੀ ਨੂੰ ਅਸਾਨੀ ਨਾਲ ਖੇਤਾ ਵਿੱਚ ਮਿਲਾਈਆ ਜਾ ਸਕਦਾ ਹੈ ਉਹਨਾ ਵੱਲੋ ਇਹ ਵੀ ਦੱਸਿਆ ਗਿਆ ਕਿ ਝੋਨੇ ਦੀ ਪਰਾਲੀ ਦੀ ਰਹਿੰਦ -ਖੂੰਹਦ ਖੇਤਾ ਵਿੱਚ ਮਿਲਾਉਣ ਨਾਲ ਮਿੱਟੀ ਦੀ ਉਪਜਾਊ ਸਕਤੀ ਵੱਧਦੀ ਹੈ ਅਤੇ ਮਿੱਟੀ ਵਿੱਚ ਨਾਈਟਰੋਜਨ 26 % ਫਾਰਫੋਰਸ 34% ਅਤੇ ਪੋਟਾਸੀਅਮ ਦਾ 24 ਫੀਸਦੀ ਤੱਕ ਵਾਧਾ ਹੁੰਦਾ ਹੈ। ਸੁਪਰ ਐਸਐਮਐਸ ਚਲਾਉਣ ਤੋ ਪਹਿਲਾ ਖੇਤੀਬਾੜੀ ਅਫਸਰ ਵੱਲੋ ਕੁਝ ਜਰੂਰੀ ਨੁਕਤੇ ਜਿਵੇ ਕਿ ਸੁਪਰ ਐਸਐਮਐਸ ਦਾ ਰੋਟਰ 1600 ਤੋ 1800 ਚੱਕਰ ਤੇ ਘੁੰਮਦਾ ਹੈ। ਇਸ ਲਈ ਸੁਪਰ ਐਸਐਮਐਸ ਯੂਨਿਟ ਦੀ ਕੰਬਣ ਘਟਾਉਣ ਲਈ ਰੋਟਰ ਨੂੰ ਡਾਇਨਿਮਕ ਬੈਲੈਂਸ / ਸੰਤੁਲਿਤ ਕਰਨਾ ਬਹੁਤ ਜਰੂਰੀ ਹੈ। ਸੁਪਰ ਐਸਐਮਐਸ ਦੇ ਰੋਟਰ ਤੇ ਜੜੇ ਘੁੰਮਣ ਬਲੇਡ ਨੂੰ ਸੀਜਨ ਤੋ ਪਹਿਲਾ ਜਰੂਰ ਚੈੱਕ ਕਰੋ। ਅਗਰ ਬਲੇਡ ਘਸੇ ਹੋਏ ਤਾਂ ਬਦਲੋ। ਮੀਟਿੰਗ ਵਿੱਚ ਹਾਜਰ ਕੰਬਾਇਨ ਮਾਲਕਾ ਵੱਲੋ ਜਿਲ੍ਹਾ ਪ੍ਰਸਾਸਨ ਅਤੇ ਖੇਤਾਬਾੜੀ ਵਿਭਾਗ ਨੂੰ ਪੂਰਣ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਉਹਨਾ ਵੱਲੋ ਆਪ ਵੀ ਇਹ ਮਹਿਸੂਸ ਕੀਤਾ ਗਿਆ ਕਿ ਪਰਾਲੀ ਜਲਾਉਣ ਨਾਲ ਬਹੁਤ ਨੁਕਸਾਨ ਹੁੰਦੇ ਹਨ ਅਤੇ ਬਹੁਤ ਘਾਤਕ ਬਿਮਾਰੀਆ ਜਨਮ ਲੈਦੀਆ ਹਨ। ਕੰਬਾਇਨ ਮਾਲਕਾ ਵੱਲੋ ਆਪਣੀਆ ਕੁਝ ਮੁਸਕਿਲਾ ਵੀ ਸਾਝੀਆ ਕੀਤੀਆ ਗਈਆ ਕਿ ਜਿਵੇ ਸੁਪਰ ਐਸਐਮਐਸ ਚਲਾ ਕੇ ਵੱਧ ਖਰਚਾ ਹੁੰਦਾ ਹੈ ਅਤੇ ਨਾਲ ਹੀ ਉਹਨਾ ਦੱਸਿਆ ਗਿਆ ਕਿ ਪੁਰਾਣੀਆ ਕੰਬਾਇਨਾ ਤੇ ਸੁਪਰ ਐਸਐਮਐਸ ਲਗਾ ਕੇ ਚਲਾਉਣ ਵਿੱਚ ਮੁਸਕਿਲਾ ਆਉਦੀਆ ਹਨ ਜਿਵੇ ਕਿ ਪੁਰਾਣੀਆ ਕੰਬਾਇਨਾ ਦੇ ਇੰਜਣ ਦੀ ਕੈਪਸਿਟੀ ਘੱਟ ਹੁੰਦੀ ਹੈ ਬਲਾਕ ਖੇਤੀਬਾੜੀ ਅਫਸਰ ਵੱਲੋ ਕਿਸਾਨਾ ਨੂੰ ਵਿਸਵਾਸ ਦੁਆਇਆ ਕਿ ਜਿਨ੍ਹਾ ਪਿੰਡਾ ਵਿੱਚ ਬੇਲਰ ਜਿਆਦਾ ਚੱਲਦਾ ਹੈ ਉੱਥੇ ਬਗੈਰ ਸੁਪਰ ਐਸਐਮਐਸ ਵਾਲੀਆ ਪੁਰਾਣੀਆ ਕੰਬਾਇਨਾ ਦੀ ਪੜਤਾਲ ਕਰਕੇ ਉੱਥੇ ਚਲਾਈਆ ਜਾ ਸਕਣ ਤਾ ਜੋ ਕੰਬਾਇਨ ਮਾਲਕਾ ਨੂੰ ਕੋਈ ਮੁਸਕਿਲ ਪੇਸ ਨਾ ਆਵੇ। ਇਸ ਮੋਕੇ ਨਾਇਬ ਤਹਿਸੀਲਦਾਰ ਹਰਬੰਸ ਸਿੰਘ , ਸਿਵਮ ਸਰਮਾਂ ਸਮਾਣਾ ਤੋ ਇਲਾਵਾ ਖੇਤੀਬਾੜੀ ਵਿਭਾਗ ਦੇ ਕਰਮਚਾਰੀ/ ਅਧਿਕਾਰੀ ਅਤੇ ਕੰਬਾਇਨ ਮਾਲਕ ਨਿਰਮਲ ਸਿੰਘ, ਮੁਖਤਿਆਰ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਜਸਪਾਲ ਸਿੰਘ, ਪਰਮਜੀਤ ਸਿੰਘ, ਦਰਸਨ ਸਿੰਘ ਆਦਿ ਕਿਸਾਨ ਮੀਟਿੰਗ ਵਿੱਚ ਹਾਜਰ ਸਨ ।